ਚੰਡੀ ਦੀ ਵਾਰ

ਸਟੀਕ



ਭਾਈ ਸਾਹਿਬ ਭਾ: ਕਾਨ੍ਹ ਸਿੰਘ ਜੀ ਨਾਭਾ

ਧਰਮ ਪ੍ਰਚਾਰ ਕਮੇਟੀ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ।

੧੩/-

ੴ ਵਾਹਿਗੁਰੂ ਜੀ ਕੀ ਫਤਹ॥

ਚੰਡੀ ਦੀ ਵਾਰ

ਸਟੀਕ

ਟੀਕਾ ਕਾਰ

ਭਾਈ ਸਾਹਿਬ ਭਾ: ਕਾਨ੍ਹ ਸਿੰਘ ਜੀ ਨਾਭਾ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

ਪ੍ਰਕਾਸ਼ਕ:-

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ),

ਸ੍ਰੀ ਅੰਮ੍ਰਿਤਸਰ ।

ਜਨਵਰੀ ੨੦੦੩ ੩੦੦੦

ਅਕਤੂਬਰ ੨੦੦੫ ੩੦੦੦

ਛਾਪਣ ਵਾਲੇ :

ਗੋਲਡਨ ਆਫਸੈੱਟ ਪ੍ਰੈਸ,

ਗੁਰਦੁਆਰਾ ਰਾਮਸਰ ਸਾਹਿਬ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ ।

ੴ ਸਤਿਗੁਰ ਪ੍ਰਸਾਦਿ.

ਭੂਮਿਕਾ

"ਚੰਡੀ ਦੀ ਵਾਰ" ਦਾ ਅੱਖਰਾਰਥ ਟੀਕਾ, ਪ੍ਰੇਮੀ ਪਾਠਕਾਂ ਦੇ ਸਨਮੁੱਖ ਕੀਤਾ ਜਾਂਦਾ ਹੈ ਜਿਸ ਦੀ ਸੰਖੇਪ ਕਥਾ ਇਉਂ ਹੈ:-

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸ੍ਵਾਮੀ, ਮੁਰਦਾ ਭਾਰਤ ਵਿਚ ਪ੍ਰਾਣ ਸੰਚਾਰ ਕਰਨ ਦੇ ਯਤਨ ਲਈ ਜਿਥੇ ਖੰਡੇ ਦੇ ਅੰਮ੍ਰਿਤ ਦਾ ਪ੍ਰਯੋਗ ਕਰ ਰਹੇ ਸਨ, ਉਥੇ ਸਾਥ ਹੀ ਵੀਰ ਰਸ ਪੂਰਿਤ ਕਾਵਯਰਚਨਾ ਦ੍ਵਾਰਾ, ਪਦ ਦਲਿਤ ਲੋਕਾਂ ਦੇ ਮਨ ਅੰਦਰ ਉਤਸ਼ਾਹ ਅਤੇ ਸ਼ੂਰ ਵੀਰਤਾ ਭਰਣ ਹਿਤ, ਰਾਤ ਦਿਨ "ਵਿਚਿਤ੍ਰ ਨਾਟਕ" ਗ੍ਰੰਥ ਦੀ ਰਚਨਾ ਵਿਚ ਤਤਪਰ ਰਹਿੰਦੇ ਸਨ।

"ਚੰਡੀ ਚਰਿਤ੍ਰ" ਅਤੇ ਚੰਡੀ ਦੀ ਵਾਰ ਉਸੇ ਮਹਾਨ ਗ੍ਰੰਥ ਦਾ ਇਕ ਭਾਗ ਹੈ। ਦੁਰਗਾ ਦੀ ਇਹ ਕਥਾ, "ਮਾਰਕੰਡੇਯ ਪੁਰਾਣ" ਤੋਂ ਲਈ ਗਈ ਹੈ। ਇਸ ਪੁਰਾਣ ਦੇ ੮੧ ਵੇਂ ਅਧ੍ਯਾਯ ਤੋਂ ਲੈਕੇ 94ਵੇਂ ਅਧ੍ਯਾਯ ਤਕ ਦੁਰਗਾ ਦੀ ਕਥਾ ੭੦੦ ਸ਼ਲੋਕਾਂ ਵਿਚ ਲਿਖੀ ਗਈ ਹੈ, ਜਿਸ ਦਾ ਨਾਉਂ "ਦੁਰਗਾ ਸਪਤਸ਼ਤੀ" ਅਤੇ "ਦੁਰਗਾ ਪਾਠ" ਹੋ ਗਿਆ ਹੈ। ਦਸ਼ਮੇਸ਼ ਜੀ ਨੇ ਇਸ ਪਾਠ ਦਾ ਸੁਤੰਤ੍ਰ ਅਨੁਵਾਦ ਮਨੋਹਰ ਰਚਨਾ ਵਿਚ ਕੀਤਾ ਹੈ, ਯਥਾ- "ਗ੍ਰੰਥ ਸਤਸਯਾ ਕੋ ਕਰਯੋ" ਅਤੇ "ਸਤਸੈ ਕੀ ਕਥਾ ਇਹ ਪੂਰੀ ਭਈ ਹੈ" (ਚੰਡੀ ਚਰਿਤ੍ਰ 1) ਤਥਾ " ਦੁਰਗਾ ਪਾਠ ਬਣਾਇਆ ਸਭੇ ਪਉੜੀਆ" (ਚੰਡੀ ਦੀ ਵਾਰ)

ਭਾਵੇਂ ਉਕਤਿਵਿਲਾਸ (ਪਹਿਲਾ ਚੰਡੀ ਚਰਿਤ੍ਰ) ਹਿੰਦੀ ਕਾਵਯ ਵਿਚ ਬਹੁਤ ਉਚਾ ਦਰਜਾ ਰਖਦਾ ਹੈ, ਪਰ ਚੰਡੀ ਦੀ ਵਾਰ ਦੀ ਪੰਜਾਬੀ ਰਚਨਾ ਉਸ ਤੋਂ ਭੀ ਅਦ੍ਭੁਤ ਹੈ। ਮੇਰੇ ਨਿਸਚੇ ਅਨੁਸਾਰ ਇਸ ਪ੍ਰਕਾਰ ਦੀ ਇਹ ਕਾਵ੍ਯ ਰਚਨਾ ਪੰਜਾਬੀ ਵਿਚ ਪਹਿਲੀ ਹੈ।

ਇਸ ਵਾਰ ਵਿਚ ਬਹੁਤ ਸ਼ਬਦ ਅਜੇਹੇ ਆਏ ਹਨ, ਜਿਨ੍ਹਾਂ ਨੂੰ ਇਸ ਸਮੇਂ ਦੇ ਪਾਠਕ ਸਮਝ ਨਹੀਂ ਸਕਦੇ, ਅਰ ਕਈ ਸ਼ਬਦਾਂ ਦਾ ਮੂਲ ਜਾਣੇ ਬਿਨਾਂ ਅਰਥ ਤੋਂ ਅਨਰਥ ਕਰ ਦਿੰਦੇ ਹਨ, ਇਸ ਲਈ ਅਨੇਕ ਥਾਂ ਫੁਟਨੋਟ ਦੇਕੇ"ਵਾਰ ਸ੍ਰੀ ਭਗਉਤੀ ਜੀ" ਦਾ ਟੀਕਾ ਕੀਤਾ ਗਿਆ ਹੈ

ਨਾਭਾ ਪੰਥ ਦਾ ਸੇਵਕ

੧ ਹਾੜ ਸੰ: ਨਾ: ੪੬੬ ਕਾਨ੍ਹ ਸਿੰਘ

ਭਗਉਤੀ ਕੀ ਹੈ?

ਭਾਈ ਸਾਹਿਬ ਜੀ ਨੇ ਪਹਿਲੀ ਪਾਉੜੀ ਦੇ ਹੇਠਾਂ, ਇਕ ਅਤੀ ਸੰਕੋਚਵੇਂ ਨੋਟ ਵਿਚ ਭਗਉਤੀ ਦੇ ਅਰਥ ਹੇਠ ਲਿਖੇ ਅਨੁਸਾਰ ਕੀਤੇ ਹਨ।

• "ਕਲਗੀਧਰ" ਜੀ ਨੇ, ਮਹਾਕਾਲ ਲਈ ਭਗੌਤੀ, ਖੜਗ, ਤੇਗ, ਸਰਬਲੋਹ, ਸ੍ਰੀ ਸਾਹਿਬ ਆਦਿ ਸ਼ਬਦ ਵਰਤੇ ਹਨ, ਯਥਾ "ਨਮਸਕਾਰ ਸ੍ਰੀ ਖੜਗਕਉ" "ਜੈ ਤੇਗੰ ਸ੍ਰੀ ਜੈ ਤੇਗੰ" "ਸਰਬਲੋਹ ਦੀ ਰਛਿਆ ਹਮਨੈ।"

ਜੋ ਇਹ ਸ਼ੰਕਾ ਕਰਦੇ ਹਨ ਕਿ "ਭਗਉਤੀ" ਸ਼ਬਦ ਵਾਰ ਦੇ ਸਿਰਲੇਖ ਵਿਚ ਜਦ "ਦੁਰਗਾ" ਅਰਥ ਬੋਧਕ ਆਇਆ ਹੈ, ਤਦ ਇਥੇ ਵੀ ਦੇਵੀ ਦਾ ਹੀ ਅਰਥ ਕਿਉਂ ਨਹੀਂ ਰੱਖਿਆ? ਉਨ੍ਹਾਂ ਨੂੰ ਸਮਝਾਉਣਾ ਚਾਹੀਦਾ ਏ ਕਿ ਕਾਵਯ ਰਚਨਾ ਵਿਚ ਇਕ ਸ਼ਬਦ ਅਨੇਕ ਅਰਥ ਬੋਧਕ ਹੋਇਆ ਕਰਦਾ ਹੈ, ਜਿਵੇਂ "ਅਕਾਲ ਉਸਤਤਿ" ਵਿਚ "ਪਾਰ ਨ ਪਾਇ ਸਕੈ ਪਦਮਾਪਤਿ" ਇਥੇ "ਪਦਮਾਪਤਿ" ਵਿਸ਼ਨੂੰ ਬੋਧਕ ਹੈ, ਅਰ "ਸੁੰਦਰ ਸ੍ਰੀ ਪਦਮਾਪਤਿ ਏ ਹੈ" ਇਥੇ, "ਮਹਾਕਾਲ" ਦੇ ਅਰਥ ਪ੍ਰਗਟ ਕਰਦਾ ਹੈ, "ਚੰਡੀ ਚਰਿਤ੍ਰ" ਵਿਚ 'ਹਰਿ' ਸ਼ਬਦ ਚੰਦ੍ਰਮਾਂ, ਕਮਲ, ਧਨੁਖ, ਤੀਰ, ਖੜਗ, ਸੂਰਜ ਆਦਿ ਅਰਥ ਪ੍ਰਗਟ ਕਰਦਾ ਹੈ, ਹਜ਼ਾਰੇ ਸ਼ਬਦਾਂ ਵਿਚ ਵਿਸ਼ਨੂੰ ਅਤੇ ਕਰਤਾਰ ਬੋਧਕ ਹੈ, ਯਥਾ "ਦਸਿਕ ਅਸੁਰ ਹਰਿ ਘਾਏ" ਅਤੇ "ਸੇ ਨਰ ਕਾਲ ਫਾਸ ਤੇ ਬਾਚੇ ਜੋ ਹਰਿ ਸਰਣ ਸਿਧਾਏ।"

ਇਸ ਸਬੰਧ ਵਿਚ ਵੇਖੋ, ਦੂਜੀ ਪਉੜੀ ਦੀ ਤੁਕ "ਤੈ ਹੀ ਦੁਰਗਾ ਸਾਜਿਕੈ" ਦਾ ਫੁੱਟ ਨੋਟ:-

ਸੰਪਾਦਕੀ ਟਿਪਣੀ

"ਸ੍ਰੀ ਮਾਨ ਭਾਈਕਾਨ੍ਹ ਸਿੰਘ ਜੀ ਨੇ ਸੰਖੇਪ ਭੂਮਕਾ ਵਿਚ ਬਹੁਤ ਕੁਝ ਭਰ ਦਿੱਤਾ ਹੈ। "ਭਗਉਤੀ" ਨੂੰ "ਭਗਵਤੀ ਦੇਵੀ" ਦੇ ਅਰਥਾਂ ਵਿਚ ਲੈਣ ਵਾਲਿਆਂ ਦੇ ਤਰਕਾਂ ਵਿਤਰਕਾਂ ਦੇ ਉਤਰ, ਇੱਕੋ ਵਾਕ ਵਿਚ ਦੇ ਕੇ, "ਤੈ ਹੀ ਦੁਰਗਾ ਸਾਜਕੈ ਦੈਤਾਂ ਦਾ ਨਾਸ ਕਰਾਇਆ"। ਸਪੱਸ਼ਟ ਕਰ ਦਿਤਾ ਹੈ, ਕਿ ਇਥੇ ਵਰਤਿਆ "ਦੁਰਗਾ", ਪਦ, "ਮਹਾਕਾਲ ਜਾਂ ਅਕਾਲ" ਦਾ ਬੋਧਕ ਹੈ। ਇੱਕੋ ਸਵਾਲ ਦੇ ਭਿੰਨ ਭਿੰਨ ਅਰਥਾਂ ਵਿਚ ਪ੍ਰਸੰਗਾਂ ਅਨੁਸਾਰ ਅਰਥ ਲਏ ਜਾਂਦੇ ਹਨ ਇਸ ਸਬੰਧੀ ਢੁਕਵੇਂ ਸਵਾਲ ਦੇ ਕੇ ਸਪੱਸ਼ਟ ਕਰ ਦਿਤਾ ਹੈ। ਏਥੇ ਭਗਉਤੀ ਪਦ ਅਕਾਲ ਪੁਰਖ ਬੋਧਕ ਹੈ। ਦੇਵੀ ਜਾਂ ਦੁਰਗਾ ਦੇ ਅਰਥਾਂ ਵਿਚ ਨਹੀਂ ਵਰਤਿਆ ਗਿਆ।

ਇਸ ਵਾਰ ਦੇ ਸਹਿਤਕ ਪੱਖਾਂ ਬਾਰੇ, ਭਾਈ ਸਾਹਿਬ ਜੀ ਨੇ ਸੰਕੇਤ ਹੀ ਕੀਤਾ ਹੈ ਕਿ ਕਈ ਪੱਖਾਂ ਤੋਂ ਅਦੁੱਤੀ ਹੈ। ਇਹ ਰਚਨਾ ਵੀਰ-ਰਸ ਸੰਚਾਰਨ ਦੇ ਨਾਲ ਨਾਲ, ਸ਼ਾਂਤ-ਰਸ ਦੀ ਵੀ ਅਦੁੱਤੀ ਰਚਨਾ ਹੈ।ਓਸ ਤੋਂ ਵੱਧ, ਉਸ ਸਮੇਂ 'ਚ ਯੁੱਧ ਦੇ ਸਲੀਕੇ, ਤਰੀਕੇ ਅਤੇ ਤਰਜ ਦੇ ਵੀ ਕਈ ਪੱਖ ਸਾਹਮਣੇ ਲਿਆਉਂਦੀ ਹੈ।

"ਗੁਰੂ ਜੀ" ਨੂੰ ਦੇਵੀ ਦੇ ਪੁਜਾਰੀ ਦੱਸਣ ਵਾਲਿਆਂ ਪ੍ਰਤੀ, ਪਹਿਲਾ ਭਾਈ ਦਿਤ ਸਿੰਘ ਜੀ ਨੇ "ਦੁਰਗਾ ਪ੍ਰਬੋਧ" ਗ੍ਰੰਥ ਲਿਖਿਆ ਸੀ, ਫਿਰ ਭਾਈ ਵੀਰ ਸਿੰਘ ਜੀ ਨੇ "ਦੇਵੀ ਪੂਜਨ ਪੜਤਾਲ" ਪੁਸਤਕ ਲਿਖੀ।

ਭਾਈ ਦਿਤ ਸਿੰਘ ਜੀ ਨੇ, ਘਾਲਣਾ ਘਾਲ ਕੇ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ, "ਖਾਲਸਾ" ਸਾਜਣ ਸਮੇਂ ਕੀਤਾ ਗਿਆ ਐਲਾਨ, ਜੋ ਔਰੰਗਜ਼ੇਬ ਦੇ ਸੂਹੀਏ ਨੇ ਲਿਖ ਕੇ ਭੇਜਿਆ ਸੀ, ਉਸ ਦੀ ਫਾਰਸੀ ਨਕਲ ਅਤੇ ਨਾਲ ਹੀ ਪੰਜਾਬੀ ਤਰਜਮਾ ਦੇ ਕੇ ਸਪੱਸ਼ਟ ਕੀਤਾ ਸੀ, ਉਸ ਵਿਚ ਜਿਥੇ ਹਿੰਦੂ ਅਵਤਾਰਾਂ ਅਤੇ ਗੰਗਾ ਨੂੰ ਨਾ ਮੰਨਣ ਦਾ ਵਰਨਣ ਹੈ,"ਦੇਵੀ" ਨੂੰ ਨਾ ਮੰਨਣ ਦਾ ਹੁਕਮ ਵੀ ਸ਼ਾਮਿਲ ਹੈ। ਜਿਸ ਤੋਂ ਭਰਮ ਦੂਰ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ "ਦੇਵੀ ਪੂਜਕ" ਨਹੀਂ ਸਨ ਅਤੇ ਏਥੇ ਦਿਤਾ "ਭਗਉਤੀ" ਲਫਜ਼ "ਅਕਾਲ ਪੁਰਖ" ਬੋਧਿਕ ਹੈ।

ਇਹਪੁਸਤਕ ਭਾਈ ਸਾਹਿਬ ਕਾਨ੍ਹ ਸਿੰਘ ਜੀ "ਨਾਭਾ"ਜੀ ਨੇ ਨਾਮਧਾਰੀ ਆਗੂ ਬਾਬਾ "ਪ੍ਰਤਾਪ ਸਿੰਘ ਜੀ" ਦੇ ਆਗ੍ਰਹਿ ਤੇ ਲਿਖੀ ਸੀ। ਇਸ ਦੀ ਇਕ ਫਟੀ ਪੁਰਾਣੀ ਪੱਤਰੀ ਭਾਈ ਸਾਹਿਬ ਦੇ ਨਿਜੀ ਪੁਸਤਕਾਲੇ ਤੋਂ ਪ੍ਰਾਪਤ ਹੋਈ ਹੈ ਜਿਸ ਤੋਂ ਇਹ ਸੰਸਕ੍ਰਣ ਛਾਪਣ ਦੀ ਪ੍ਰਸੰਨਤਾ ਲੈ ਰਹੇ ਹਾਂ।

ਚੰਡੀਗੜ੍ਹ ਗਿਆਨੀ ਗੁਰਦਿਤ ਸਿੰਘ

੮-੭-੯੮

(ੳ) ੴ ਵਾਹਗੁਰੂ ਜੀ ਕੀ ਫਤਹ.

(ਅ) ਸ੍ਰੀ ਭਗਉਤੀ ਜੀ ਸਹਾਇ.

(ੲ) ਵਾਰ ਸ੍ਰੀ ਭਗਉਤੀ ਜੀ ਕੀ, ਪਾਤਸਾਹੀ ੧੦.

(ੳ) ਇਕ (ਅਦੁਤੀ ੴ(ਰਖਿਆ ਕਰਨ ਵਾਲੇ) ਵਾਹਗੁਰੂ ਦੀ, (ਜੋ ਮਨ ਬੁੱਧੀ ਤੋਂ ਪਰੇ ਅਤੇ ਸਭ ਤੋਂ ਵਡਾ ਹੈ) ਜੈ ਹੋਵੇ!*

(ਅ) ਮਹਾਕਾਲ ਦੀ ਸਹਾਇਤਾ ਹੋਵੇ!**

(ੲ) ਸ੍ਰੀ ਭਗਵਤੀ ਜੀ ਦੀ ਵਾਰ (ਯੁੱਧ ਕਥਾ), ਜੋ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾ ਹੈ.

---

* ਇਹ ਆਸੀਰਵਾਦਾਤਮਕ ਮੰਗਲ ਹੈ.

** ਗੁਰਬਾਣੀ ਵਿਚ ਭਗਉਤੀ (ਭਗੌਤੀ) ਸ਼ਬਦ ਪੁਲਿੰਗ ਅਤੇ ਇਸਤ੍ਰੀਲਿੰਗ ਅਥ ਮਹਾਂਕਾਲ, ਦੁਰਗਾ, ਤਲਵਾਰ ਅਤੇ ਕਰਤਾਰ ਦਾ ਭਗਤ ਅਰਥ ਰਖਦਾ ਹੈ, ਯਥਾ-

'ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ' (ਸੁਖਮਨੀ) ਲਈ ਭਗਉਤੀ ਦੁਰਗਾਸਾਹ (ਚੰਡੀ ਵਾਰ) ਵਿਸ਼ੇਸ਼ ਨਿਰਣਾ ਵੇਖੋ, - ਪ੍ਰਿਥਮ ਭਗਉਤੀ ਸਿਮਰਿਕੈ, ਦੇ ਟੀਕਾ ਦੇ ਫੁਟਨੋਟ ਵਿਚ।

ਪਉੜੀ*

(੧) ਪ੍ਰਿਥਮ ਭਗੌਤੀ ਸਿਮਰਿਕੈ, ਗੁਰ ਨਾਨਕ ਲਈ ਧਿਆਇ,

(ਅ) ਫਿਰਿ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ,

(ੲ) ਅਰਜਨ ਹਰਿਗੋਬਿੰਦ ਨੂੰ ਸਿਮਰੌ ਸ੍ਰੀ ਹਰਿਰਾਇ,

(੧) ਪਹਿਲਾਂ ਭਗੌਤੀ (ਮਹਾਕਾਲ**) ਨੂੰ ਆਰਾਧਕੇ, ਫੇਰ ਗੁਰੂ ਨਾਨਕ ਜੀ ਦਾ ਧਿਆਨ ਕਰ ਲੈਨਾ ਹਾਂ,

(ਅ) ਪੁਨਹ ਗੁਰੂ ਅੰਗਦ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੀ ਸਹਾਇਤਾ ਪ੍ਰਾਪਤ ਹੋਵੇ,

(ੲ) ਗੁਰੂ ਅਰਜਨਦੇਵ, ਗੁਰੂ ਹਰਿਗੋਬਿੰਦ ਜੀ ਅਤੇ ਸ੍ਰੀ ਹਰਿਰਾਇ ਜੀ ਨੂੰ ਸਿਮਰਣ ਕਰਦਾ ਹਾਂ.

---

* ਸੰਸਕ੍ਰਿਤ "ਨਿ: ਸ੍ਰੇਣੀ" ਛੰਦ ਦਾ ਤਰਜੁਮਾ ਪਉੜੀ ਹੈ.

** ਕਲਗੀਧਰ ਜੀ ਨੇ ਮਹਾਕਾਲ ਲਈ ਭਗਉਤੀ, ਖੜਗ, ਤੇਗ, ਸਰਬਲੋਹ, ਸ੍ਰੀ ਸਾਹਿਬ ਆਦਿ ਸ਼ਬਦ ਵਰਤੇ ਹਨ ਯਥਾ 'ਨਮਸਕਾਰ ਸ੍ਰੀ ਖੜਗਕਉ' "ਜੈ ਤੇਗੰ ਸ੍ਰੀ ਜੈ ਤੇਗੰ" "ਸਰਬਲੋਹ ਦੀ ਰਛਿਆ ਹਮਨੈ।"

ਜੋ ਇਹ ਸ਼ੰਕਾ ਕਰਦੇ ਹਨ ਕਿ 'ਭਗਉਤੀ' ਸ਼ਬਦ ਵਾਰ ਦੇ ਸਿਰ ਲੇਖ ਵਿਚ ਜਦ ਦੁਰਗਾ ਅਰਥ ਬੋਧਕ ਆਇਆ ਹੈ, ਤਦ ਇਥੇ ਭੀ ਦੇਵੀ ਦਾ ਹੀ ਅਰਥ ਕਿਉਂ ਨਹੀਂ ਰੱਖਿਆ? ਉਨ੍ਹਾਂ ਨੂੰ ਸਮਝਣਾ ਚਾਹੀਏ ਕਿ ਕਾਵ੍ਯ ਰਚਨਾ ਵਿਚ ਇਕ ਸ਼ਬਦ ਅਨੇਕ ਅਰਥ ਬੋਧਕ ਹੋਇਆ ਕਰਦਾ ਹੈ, ਜਿਵੇਂ ਅਕਾਲ ਉਸਤਤਿ ਵਿਚ -'ਪਾਰ ਨ ਪਾਇ ਸਕੈ ਪਦਮਾਪਤਿ'-ਇਥੇ ਪਦਮਾਪਤਿ ਵਿਸ਼ਨੂੰ ਬੋਧਕ ਹੈ, ਅਰ-'ਸੁੰਦਰ ਸ੍ਰੀ ਪਦਮਾਪਤਿ ਏ ਹੈ' ਇਥੇ ਮਹਾਕਾਲ ਅਰਥ ਪ੍ਰਗਟ ਕਰਦਾ ਹੈ, ਚੰਡੀ ਚਰਿਤ੍ਰ ਵਿਚ 'ਹਰਿ' ਸ਼ਬਦ ਚੰਦ੍ਰਮਾ ਕਮਲ, ਧਨੁਖ, ਤੀਰ, ਖੜਗ, ਸੂਰਜ ਆਦਿ ਅਰਥ ਪ੍ਰਗਟ ਕਰਦਾ ਹੈ, ਹਜ਼ਾਰੇ ਸ਼ਬਦਾਂ ਵਿਚ ਵਿਸ਼ਨੂੰ ਅਤੇ ਕਰਤਾਰ ਬੋਧਕ ਹੈ, ਯਥਾ-"ਦਾਸਿਕ ਅਸੁਰ ਹਰਿ ਘਾਏ" ਅਤੇ "ਸੋ ਨਰ ਕਾਲ ਫਾਸ ਤੇ ਬਾਚੇ ਜੋ ਹਰਿ ਸਰਣ ਸਿਧਾਏ."

ਇਸ ਸੰਬੰਧ ਵਿਚ ਵੇਖੋ. ਦੂਜੀ ਪਉੜੀ ਦੀ ਤੁਕ-"ਤੈ ਹੀ ਦੁਰਗਾ ਸਾਜਿਕੈ." ਦਾ ਫੁਟਨੋਟ.

(ਸ) ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭ ਦੁਖ ਜਾਇ,

(ਹ) ਤੇਗਬਹਾਦਰ ਸਿਮਰੀਐ ਘਰਿ ਨਉ ਨਿਧਿ ਆਵੈ ਧਾਇ,

(ਕ) ਸਭ ਥਾਈ ਹੋਇ ਸਹਾਇ.

(ਸ) ਸ੍ਰੀ ਹਿਰ ਕ੍ਰਿਸ਼ਨ ਗੁਰੂ ਜੀ ਦਾ ਧਿਆਨ ਕਰੀਏ, ਜਿਸਦੇ ਦਰਸ਼ਨ ਤੋਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ,

(ਹ) ਗੁਰੂ ਤੇਗ ਬਹਾਦੁਰ ਜੀ ਨੂੰ ਚੇਤੇ ਕਰੀਏ, ਜਿਸਤੋਂ ਨੌਂ ਨਿਧਾਂ ਘਰ ਵਿੱਚ ਛੇਤੀ ਪ੍ਰਾਪਤ ਹੋਣ,

(ਕ) ਹੇ ਪੂਜਯ ਸਤਿਗੁਰੋ! ਆਪ ਦੀ ਸਭ ਥਾਂ ਸਹਾਇਤਾ ਹੋਵੇ!

(੨) ਖੰਡਾ ਪ੍ਰਿਥਮੈ ਸਾਜਿਕੈ ਜਿਨਿ ਸਭ ਸੈਸਾਰੁ ਉਪਾਇਆ,
(ਅ) ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤ ਦਾ ਖੇਲੁ ਰਚਾਇ ਬਣਾਇਆ,
(ੲ) ਸਿੰਧੁ ਪਰਬਤ ਮੇਦਨੀ ਬਿਨੁ ਥੰਮਾ ਗਗਨੁ ਰਹਾਇਆ,
(ਸ) ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ,
(ਹ) ਤੈ ਹੀ ਦੁਰਗਾ ਸਾਜਿਕੈ ਦੈਤਾ ਦਾ ਨਾਸੁ ਕਰਾਇਆ,
(ਕ) ਤੈਥੋ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਸਿਰੁ ਘਾਇਆ,

(੨) ਜਿਸ ਨੇ ਮਹਾਮਾਯਾ* ਨੂੰ ਪਹਿਲਾਂ ਰਚਕੇ, ਸਾਰਾ ਜਗਤ ਉਤਪੰਨ ਕੀਤਾ,
(ਅ) ਬ੍ਰਹਮਾ ਵਿਸ਼ਨੂੰ ਅਤੇ ਸ਼ਿਵ ਨੂੰ ਬਣਾਕੇ ਕੁਦਰਤ ਦਾ ਖੇਡ ਸੁੰਦਰਤਾ ਨਾਲ ਜ਼ਹੂਰ ਵਿਚ ਲਿਆਂਦਾ,
(ੲ) ਸਮੁੰਦਰ, ਪਹਾੜ, ਪ੍ਰਿਥਵੀ ਰਚੇ ਅਤੇ ਪ੍ਰਤੱਖ ਆਸਰੇ ਬਿਨਾ ਖਗੋਲ ਨੂੰ ਠਹਿਰਾਇਆ,
(ਸ) ਦੈਂਤ ਅਤੇ ਦੇਵਤੇ ਰਚਕੇ ਉਨ੍ਹਾਂ ਅੰਦਰ ਝਗੜਾ ਉਤਪੰਨ ਕੀਤਾ,
(ਹ) ਤੈਂ ਹੀ ਦੁਰਗਾ ਬਣਾਕੇ ਦੈਂਤਾਂ ਦਾ ਨਾਸ਼ ਕਰਵਾਇਆ,**
(ਕ) ਤੇਰੇ ਪਾਸੋਂ ਹੀ ਰਾਮਚੰਦ੍ਰ ਨੇ ਬਲ ਲੈਕੇ ਤੀਰਾਂ ਨਾਲ ਰਾਵਣ ਮਾਰਿਆ,

---

* ਮਹਾਮਾਯਾ ਦਾ ਨਾਮ ਖੰਡਾ ਇਸ ਲਈ ਹੈ ਕਿ ਇਸੇ ਤੋਂ ਸਾਰੇ ਖੰਡ (ਭੇਦ) ਉਤਪੰਨ ਹੋਏ ਹਨ, ਇਹੀ ਦ੍ਵੰਦ੍ਵ (ਦ੍ਵੰਦ) ਰਚਨਾ ਦਾ ਕਾਰਣ ਹੈ.

** ਦੁਰਗਾ ਦੇ ਰਚਣ ਵਾਲਾ ਮਹਾਕਾਲ ਹੈ, ਦੁਰਗਾ ਰਚੀ ਹੋਈ, ਅਰਥਾਤ ਉਸਦੀ ਰਚਨਾ ਹੈ ਗੁਰੁਵਾਕ ਹੈ 'ਬਿਨ ਕਰਤਾਰ, ਨ ਕਿਰਤਮ ਮਾਨੋ। ਆਦਿ ਅਜੋਨਿ ਅਜੈ ਅਬਿਨਾਸੀ, ਤਿਹ ਪਰਮੇਸੁਰ ਜਾਨੋ।' (ਹਜਾਰੇ ਸ਼ਬਦ, ਪਾਤਸ਼ਾਹੀ ੧੦)

(ਖ) ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ,

(ਗ) ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ,

(ਘ) ਕਿਨੀ ਤੇਰਾ ਅੰਤੁ ਨ ਪਾਇਆ.

(ਖ) ਤੈਥੋਂ ਹੀ ਕ੍ਰਿਸਨ ਨੇ ਤਾਕਤ ਲੈਕੇ ਕੰਸ ਅਤੇ ਕੇਸੀ* ਨੂੰ ਫੜਕੇ ਪਛਾੜਿਆ,

(ਗ) ਵਡੇ ਵਡੇ ਮੁਨਿ ਅਤੇ ਦੇਵਤਿਆਂ ਨੇ ਕਈ ਯੁਗ ਤਪ ਕਰਕੇ ਸ਼ਰੀਰ ਨੂੰ ਕਸ਼ਟ ਦਿੱਤਾ,

(ਘ) ਪਰ ਹੇ ਭਗਉਤੀ! ਕਿਸੇ ਨੇ ਤੇਰਾ ਅੰਤ ਨਹੀਂ ਪਾਇਆ.

---

* ਕਿਤਨੇ ਅਰਥ ਕਰਦੇ ਹਨ ਕਿ ਕੇਸਾਂ ਤੋਂ ਫੜਕੇ ਕੰਸ ਪਟਕਾਇਆ, ਪਰ ਕੇਸੀ ਅਲਗ ਹੈ, ਜੋ ਘੋੜੇ ਦੀ ਸ਼ਕਲ ਬਣਾਕੇ ਕ੍ਰਿਸਨ ਜੀ ਨੂੰ ਮਾਰਨ ਆਇਆ ਸੀ, ਪਰ ਕ੍ਰਿਸਨ ਜੀ ਦੇ ਹੱਥੋਂ ਮਾਰਿਆ ਗਿਆ

(ੳ) ਸਾਧੂ ਸਤਿਜੁਗੁ ਬੀਤਿਆ ਅਧਸੀਲੀ ਤ੍ਰੇਤਾ ਆਇਆ,

(ਅ) ਨੱਚੀ ਕਲ ਸਰੋਸਰੀ ਕਲ ਨਾਰਦ ਡਉਰੂ ਵਾਇਆ,

(ੲ) ਅਭਮਾਨੁ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਭ ਉਪਾਇਆ,

(ਸ) ਜੀਤ ਲਏ ਤਿਨ ਦੇਵਤੇ ਤਿਹ ਲੋਕੀ ਰਾਜੁ ਕਮਾਇਆ,

(ਹ) ਵੱਡਾ ਬੀਰੁ ਅਖਾਇਕੈ ਸਿਰਊਪਰਿ ਛਤ੍ਰ ਫਿਰਾਇਆ,

(ੳ) ਉੱਤਮ ਸਤਿਜੁਗ ਬੀਤ ਗਿਆ, ਅਧੋਸ਼ੀਲ ਵਾਲਾ* ਤ੍ਰੇਤਾ ਆਇਆ,

(ਅ) ਕਾਲੀ ਹਰੇਕ ਦੇ ਦਿਮਾਗ ਵਿਚ ਨੱਚਣ ਲਗੀ, ਅਰਥਾਤ ਲੜਾਈ ਭਿੜਾਈ ਦੇ ਖਿਆਲ ਪੈਦਾ ਹੋਏ, ਅਤੇ ਨਾਰਦ ਨੇ ਦਿਲਕਸ਼ ਸੁਰ ਵਾਲਾ** ਡੋਰੂ ਵਜਾਇਆ,

(ੲ) ਦੇਵਤਿਆਂ ਦਾ ਹੰਕਾਰ ਮਿਟਾਉਣ ਲਈ ਮਹਿਖਾਸੁਰ ਤੇ ਸੁੰਭ ਪੈਦਾ ਕੀਤਾ,

(ਸ) ਉਸ ਨੇ ਦੇਵਤੇ ਜਿੱਤ ਲਏ ਅਤੇ ਤੇਹਾਂ ਲੋਕਾਂ ਵਿਚ ਆਪਣਾ ਰਾਜ ਥਾਪਿਆ,

(ਹ) ਆਪਣੇ ਤਾਂਈ ਮਹਾਨ ਯੋਧਾ ਅਖਵਾਕੇ ਸਿਰ ਉਤੇ ਰਾਜ ਦਾ ਚਿਨ੍ਹ, ਛਤ੍ਰ ਝੁਲਵਾਇਆ,

---

* ਅਧੋ (ਨੀਵਾਂ ਹੋਗਿਆ) ਸ਼ੀਲ (ਧਰਮ) ਜਿਸ ਵਿਚ, ਅਰਥਾਤ ਧਰਮ ਦਾ ਇਕ ਪੈਰ ਘੱਟ ਗਿਆ ਹੈ, ਮਹਿਖਾਸੁਰ ਆਦਿ ਦੈਂਤਾਂ ਨਾਲ ਦੁਰਗਾ ਦਾ ਜੰਗ ਸਤਿਜੁਗ ਦੇ ਅੰਤ ਅਤੇ ਤ੍ਰੇਤੇ ਦੇ ਅਰੰਭ ਵਿਚ ਹੋਇਆ ਹੈ।

** ਕਲ ਦਾ ਅਰਥ ਕਾਲੀ (ਕਲਹ ਦੀ ਦੇਵੀ) ਅਤੇ ਮਨੋਹਰ ਸੁਰ ਹੈ,

(ਕ) ਦਿੱਤਾ ਇੰਦ੍ਰ ਨਿਕਾਲਕੈ ਤਿਨ ਗਿਰਿ ਕੈਲਾਸੁ ਤਕਾਇਆ,
(ਖ) ਡਰਿਕੈ ਹੱਥੋਂ ਦਾਨਵੀ ਦਿਲ ਅੰਦਰਿ ਤ੍ਰਾਸੁ ਵਧਾਇਆ,
(ਗ) ਪਾਸ ਦੁਰਗਾ ਦੇ ਇੰਦਰ ਆਇਆ.

(ਕ) ਦੇਵ ਲੋਕ ਤੋਂ ਇੰਦ੍ਰ ਕੱਢ ਦਿੱਤਾ, ਉਸਨੇ ਦੁਰਗਾ ਦੇ ਨਿਵਾਸ ਦਾ ਥਾਂ, ਕੈਲਾਸ, ਗਿਰਿ ਆਸਰੇ ਲਈ ਤੱਕਿਆ,
(ਖ) ਦੈਂਤਾਂ ਦੇ ਹੱਥੋਂ ਡਰਕੇ ਦਿਲ ਵਿਚ ਦੁੱਖ (ਤ੍ਰਾਸ) ਬਹੁਤ ਕੀਤਾ,
(ਗ) ਆਪਣਾ ਦੁੱਖ ਰੋਣ ਲਈ ਦੁਰਗਾ ਪਾਸ ਇੰਦ੍ਰ ਪੁੱਜਾ.

(ੳ) ਇਕ ਦਿਹਾੜੇ ਨਾਵਣ ਆਈ ਦੁਰਗਸ਼ਾਹ,
(ਅ) ਇੰਦ੍ਰ ਬ੍ਰਿਥਾ ਸੁਣਾਈ ਅਪਣੇ ਹਾਲ ਦੀ,-
(ੲ) ਛੀਨ ਲਈ ਠਕੁਰਾਈ ਸਾਤੇ ਦਾਨਵੀ,
(ਸ) ਲੋਕੀ ਤਿਹੀ ਫਿਰਾਈ ਦੋਹੀ ਆਪਣੀ,
(ਹ) ਬੈਠੇ ਵਾਇ ਵਧਾਈ ਤੇ ਅਮਰਾਵਤੀ,
(ਕ) ਦਿੱਤੇ ਦੇਵ ਭਜਾਈ ਸਭਨਾ ਰਾਖਸਾਂ,
(ਖ) ਕਿਨੈ ਨਾ ਜਿੱਤਾ ਜਾਈ ਮਹਿਖੇ ਦੈਤ ਨੂ,
(ਗ) ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ।'

(ੳ) ਇਕ ਦਿਨ ਆਪਣੇ ਰਾਜਭਵਨ ਤੋਂ "ਸਫਟਿਕ ਸਰੋਵਰ" ਵਿੱਚ ਸਨਾਨ ਕਰਨ ਦੁਰਗਾ ਆਈ,
(ਅ) ਮੌਕਾ ਪਾਕੇ ਇੰਦ੍ਰ ਨੇ ਆਪਣੇ ਹਾਲ ਦੀ ਦੁਖਭਰੀ ਕਥਾ (ਬ੍ਰਿਥਾ-ਵਜਥਾ) ਸੁਣਾਈ,
(ੲ) 'ਅਸਾਡੇ ਪਾਸੋਂ ਹੁਕੂਮਤ ਦੈਤਾਂ ਨੇ ਖੋਹ ਲਈ ਹੈ,
(ਸ) ਰਾਖਸ਼ਾਂ ਨੇ ਤੇਹਾਂ ਲੋਕਾਂ ਵਿੱਚ ਆਪਣੀ ਆਗਜਾ ਦਾ ਢੰਡੋਰਾ ਫੇਰ ਦਿੱਤਾ ਹੈ,
(ਹ) ਅਮਰਾਵਤੀ (ਦੇਵਪੁਰੀ) ਵਿੱਚ ਉਹ ਵਧਾਈ ਦੇ ਵਾਜੇ ਵਜਾਕੇ ਬੈਠ ਗਏ ਹਨ,
(ਕ) ਸਾਰੇ ਰਾਖਸ਼ਾਂ ਨੇ ਇਕੱਠੇ ਹੋਕੇ ਦੇਵਤੇ ਭਜਾ ਦਿੱਤੇ ,
(ਖ) ਸਾਡੇ ਵਿੱਚੋਂ ਕਿਸੇ ਨੇ ਜਾਕੇ ਮਹਿਖਾਸੁਰ ਦੈਤ ਨੂੰ ਨਹੀਂ ਜਿੱਤਿਆਂ,
(ਗ) ਹਾਰਕੇ ਦੇਵਤਿਆਂ ਨੇ, ਹੇ ਮਹਾਰਾਨੀ ਦੁਰਗਾ! ਤੇਰੀ ਸਰਣ ਤੱਕੀ ਹੈ।

(ਪ) ਦੁਰਗਾ ਬੈਣ ਸੁਣੰਦੀ ਹੱਸੀ ਹਤਹਤਾਇ,
(ਅ) ਓਹੀ ਸੀਹੁ ਮੰਗਾਇਆ, ਰਾਖਸਭੱਖਣਾ,
(ੲ) 'ਚਿੰਤਾ ਕਰਹੁਨ ਕਾਈ' ਦੇਵਾਂ ਨੂੰ ਆਖਿਆ,
(ਸ) ਰੋਹ ਹੋਈ ਮਹਾਮਾਈ ਰਾਖਸ ਮਾਰਣੇ.

(ਪ) ਇੰਦ੍ਰ ਦੇ ਬਚਨ ਸੁਣਕੇ ਦੇਵੀ ਨੇ ਅੱਟ-ਹਾਸ ਕੀਤਾ,*
(ਅ) ਸਵਾਰੀ ਲਈ ਦੁਰਗਾ ਨੇ ਆਪਣੀ ਓਹੀ ਸ਼ੇਰ ਮੰਗਵਾਇਆ, ਜੋ ਰਾਖਸ਼ਾਂ ਨੂੰ ਖਾ ਜਾਣ ਵਾਲਾ ਹੈ,
(ੲ) ਦੇਵਤਿਆਂ ਨੂੰ ਆਖਿਆ, 'ਤੁਸੀ ਫਿਕਰ ਨਾ ਕਰੋ.'
(ਸ) ਰਾਖਸ਼ਾਂ ਦੇ ਮਾਰਨ ਲਈ ਮਹਾਮਾਤਾ ਕ੍ਰੋਧ ਵਿਚ ਆਈ.

---

* ਅੱਟਹਾਸ ਤੋਂ ਭਾਵ ਦੇਵਤਿਆਂ ਦੀ ਬੁਜ਼ਦਿਲੀ ਤੇ ਕਟਾਕਸ਼ ਹੈ।

ਦੋਹਰਾ

(੬) ਰਾਖਸ ਆਏ ਰੋਹਲੇ ਖੇਤ ਭਿੜਨ ਕੇ ਚਾਇ,
(ਅ) ਲਸਕਨ ਤੇਗਾਂ ਬਰਛੀਆਂ ਸੂਰਜੁ ਨਦਰਿ ਨ ਪਾਇ.

(੬) ਦੇਵੀ ਦੀ ਚੜ੍ਹਾਈ ਵੇਖਕੇ ਕ੍ਰੋਧੀ ਰਾਖਸ਼ ਭੀ, ਮੁਕਾਬਲੇ ਦਾ ਚਾਉ ਕਰਕੇ ਮੈਦਾਨ ਜੰਗ ਵਿਚ ਆਏ,
(ਅ) ਤਲਵਾਰਾਂ ਅਤੇ ਬਰਛੀਆਂ ਲਸਕਦੀਆਂ (ਚਮਕਦੀਆਂ) ਹਨ, ਜਿਨ੍ਹਾਂ ਨਾਲ ਸੂਰਜ ਭੀ ਢਕਿਆ ਗਿਆ ਹੈ.

ਪਉੜੀ

(੧) ਦੁਹਾਂ ਕੰਧਾਰਾਂ ਮੁਹ ਜੁੜੇ ਢੋਲ ਸੰਖ ਨਗਾਰੇ ਵੱਜੇ,
(ਅ) ਰਾਖਸ ਆਏ ਰੋਹਲੇ ਤਰਵਾਰੀ ਬਖਤਰ ਸੱਜੇ,
(ੲ) ਜੁੱਟੇ ਸਉਹੇਂ ਜੁੱਧ ਨੂੰ ਇਕਿ ਜਾਤ ਨ ਜਾਣਨ ਭੱਜੇ,
(ਸ) ਖੇਤ ਅੰਦਰਿ ਜੋਧੇ ਗੱਜੇ.

(੧) ਬਾਕਾਇਦਾ ਸਜੀਆਂ ਹੋਈਆਂ ਦੋਹਾਂ ਫੌਜਾਂ ਦੇ *ਮੂੰਹ ਜੁਟੇ, ਢੋਲ, ਸੰਖ ਅਤੇ ਨਗਾਰੇ ਵੱਜ ਉਠੇ.

(ਅ) ਤਲਵਾਰਾਂ ਅਤੇ ਬਖਤਰਾਂ** ਨਾਲ ਸਜੇ ਹੋਏ ਜੋਸ਼ੀਲੇ ਰਾਖਸ਼ ਮੁਕਾਬਲੇ ਵਿਚ ਆਏ.

(ੲ) ਸਾਮ੍ਹਣੇ ਹੋਕੇ ਯੁੱਧ ਕਰਨ ਲਈ ਜੁਟ ਪਏ, ਜਿਨ੍ਹਾਂ ਵਿਚ ਕਈ ਯੋਧੇ ਅਜੇਹੇ ਹਨ ਜੋ ਭੱਜਣ ਲਈ ਜੰਮੇ (ਜ਼ਾਤ) ਹੀ ਨਹੀਂ, ਅਤੇ ਜਿਨ੍ਹਾਂ ਨੂੰ ਭੱਜਣਾਂ ਆਉਂਦਾ ਹੀ ਨਹੀਂ.

(ਸ) ਜੰਗ ਦੇ ਮੈਦਾਨ ਵਿਚ ਜੋਧਾ ਲੋਕ ਗਰਜੇ.

---

*ਕੰਧਾਰ ਸ਼ਬਦ ਦਾ ਮੂਲ ਸੰਸਕ੍ਰਿਤ ''ਸਕੰਧਾਵਾਰ'' ਹੈ, ਜਿਸਦਾ ਅਰਥ ਹੈ ਜੁੱਧ ਵੇਲੇ ਬਾਕਾਇਦਾ ਸਥਾਪਨ ਕੀਤੀ ਹੋਈ ਫੌਜ

** ਬਖਤਰ ਦਾ ਮੂਲ ਫਾਰਸੀ ''ਬਕਤਰ'' ਹੈ, ਜਿਸਦਾ ਅਰਥ ਹੈ ਲੋਹੇ ਦੀਆਂ ਕੜੀਆਂ ਦਾ ਜਾਲ, ਜੋ ਕੁੜਤੇ ਵਾਂਗ ਜੋਧੇ ਪਹਿਨਦੇ ਹਨ.

ਆਮ ਅਰਥ ਵਿਚ ਇਹ ਸੰਜੋ (ਕਵਚ) ਮਾਤ੍ਰ ਵਾਸਤੇ ਭੀ ਵਰਤਿਆ ਜਾਂਦਾ ਹੈ।

(ੳ) ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ,
(ਅ) ਝੂਲਨ ਨੇਜੇ ਬੈਰਕਾਂ ਨੀਸਾਣ ਲਸਨਿ ਲਸਾਵਲੇ,
(ੲ) ਢੋਲ ਨਗਾਰੇ ਪਉਣਦੇ ਊਘਨ ਜਾਣ ਜਟਾਵਲੇ,
(ਸ) ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤ ਭੀਹਾਵਲੇ,
(ਹ) ਬੀਰ ਪਰੋਤੇ ਬਰਛੀਏਂ ਜਣੁ ਡਾਲ ਚਮੁੱਟੇ ਆਵਲੇ,
(ਕ) ਇਕਿ ਵੱਡੇ ਤੇਗੀਂ ਤਤਫਨ ਮਦ ਪੀਤੇ ਲੋਟਨਿ ਬਾਵਲੇ,

(ੳ) ਮੁਸਾਫ (ਜੰਗ) ਦਾ ਜੰਗ (ਘੰਟਾ) ਵੱਜਿਆ, ਅਤੇ ਰਣ ਵਿਚ ਉਤਸ਼ਾਹ ਵਾਲੇ, (ਜਿਨ੍ਹਾਂ ਦੀ ਅਵਾਜ ਤੋਂ ਜੰਗ ਕਰਨ ਦਾ ਚਾਉ ਉਪਜੇ), ਨਗਾਰਿਆਂ ਦਾ ਸ਼ਬਦ ਹੋਇਆ,

(ਅ) ਫਹਰਾਉਂਦੇ ਹਨ ਨੇਜ਼ੇ ਅਤੇ ਝੰਡੀਆਂ, *ਚਮਕੀਲੇ ਨਿਸ਼ਾਨ ਲਸਕ ਰਹੇ ਹਨ,

(ੲ) ਢੋਲ ਅਤੇ ਨਗਾਰੇ ਅਜੇਹਾ ਸ਼ਬਦ ਦਿੰਦੇ ਹਨ, ਜਾਣੀਓਂ ਕੇਸਰੀ ਬਬਰ ਸ਼ੇਰ ਬੁੱਕ ਰਹੇ ਹਨ,**

(ਸ) ਦੁਰਗਾ ਅਤੇ ਦੈਤ ਜੰਗ ਕਰਨ ਡਹਿ ਪਏ, ਮੈਦਾਨ ਵਿਚ ਘੋਰ ਵਾਜੇ ਵੱਜਦੇ ਹਨ,

(ਹ) ਯੋਧੇ ਬਰਛੀਆਂ ਨਾਲ ਇਉਂ ਪਰੋਤੇ ਗਏ, ਜਾਣੀਓ ਡਾਲੀ ਨਾਲ ਆਉਲੇ ਲੱਗੇ ਹੋਏ ਹਨ, ਭਾਵ- ਯੋਧਿਆਂ ਦੇ ਸਿਰ ਆਉਲੇ ਹਨ, ਡਾਲੀਬਰਛੀ ਹੈ,

(ਕ) ਕਈ ਤਲਵਾਰਾਂ ਦੇ ਵੱਢੇ ਇਉਂ ਤੜਫਦੇ ਹਨ, ਮਾਨੋ ਸ਼ਰਾਬ ਪੀਕੇ ਪਾਗਲ ਹੋਏ ਲੋਕ ਲਿਟ ਰਹੇ ਹਨ,

---

* ਬੈਰਕ ਅਰਬੀ ਸ਼ਬਦ ਹੈ, ਜਿਸ ਦਾ ਅਰਥ ਛੋਟੀ ਝੰਡੀ ਹੈ ਇਸਦਾ ਅਰਥ ਨਿਸ਼ਾਨ ਜਾਂ ਫਰਹਰਾ ਭੀ ਹੈ.

** ਜਟਾਵਲੇ: ਕੇਸਰ (ਅਯਾਲ) ਵਾਲੇ ਬਬਰ ਸ਼ੇਰ, ਊਘਨ: ਬੁੱਕਦੇ ਹਨ।

(ਖ) ਇਕਿ ਚੁਣਿ ਝਾਤਉ ਕਢੀਅਨ ਰੇਤ ਵਿੱਚੋਂ ਸੁਇਨਾ ਡਾਵਲੇ,

(ਗ) ਗਦਾ ਤ੍ਰਿਸੂਲਾ ਬਰਛੀਆਂ ਤੀਰ ਵਗਨ ਖਰੇ ਉਤਾਵਲੇ,

(ਘ) ਜਣੁ ਡਸੇ ਭੁਜੰਗਮ ਸਾਵਲੇ,

(ਙ) ਮਰ ਜਾਵਨ ਬੀਰ ਰੁਹਾਵਲੇ.

(ਖ) ਕਈ ਖਾਸ ਯੋਧੇ, ਚੁਗ ਚੁਗਕੇ ਝੁੰਡ (ਝਾਤ) ਵਿੱਚੋਂ ਵੰਗਾਰ ਕੇ ਕੱਢੀਦੇ ਹਨ, ਜਿਵੇਂ ਰੇਤੇ ਵਿਚੋਂ ਸੁਇਨੇ ਨੂੰ ਡਾਵਲੇ ਚੁਣ ਲੈਂਦੇ ਹਨ,

(ਗ) ਗਦਾ, ਤਿਰਸੂਲ, ਬਰਛੀਆਂ ਦੇ ਪ੍ਰਹਾਰ ਹੋਂਦੇ ਹਨ, ਅਤੇ ਤੇਜ਼ੀ ਨਾਲ ਤੀਰ ਚਲਦੇ ਹਨ,

(ਘ) ਮਾਨੋ ਕਾਲੇ ਸੱਪਾਂ ਦੇ ਡੰਗੇ ਹੋਏ,

(ਙ) ਜੋਸ਼ੀਲੇ ਯੋਧੇ ਮਰ ਜਾਂਦੇ ਹਨ, ਭਾਵ ਤੀਰ ਸੱਪਾਂ ਵਾਂਗ ਜਾਨ ਲੈਂਦੇ ਹਨ.

(ੳ) ਦੇਖਨ ਚੰਡ ਪ੍ਰਚੰਡ ਨੂੰ ਰਣ ਘੁਰੇ ਨਗਾਰੇ,
(ਅ) ਧਾਏ ਰਾਖਸ ਰੋਹਲੇ ਚਉਗਿਰਦੋਂ ਭਾਰੇ,
(ੲ) ਹਥੀਂ ਤੇਗਾਂ ਪਕੜਿਕੈ ਰਣ ਭਿੜੇ ਕਰਾਰੇ,
(ਸ) ਕਦੇ ਨ ਨੱਠੇ ਜੁੱਧ ਤੇ ਜੋਧੇ ਜੁੱਝਾਰੇ,
(ਹ) ਦਿਲ ਵਿਚਿ ਰੋਹ ਬਢਾਇਕੈ ਮਾਰ! ਮਾਰ! ਪੁਕਾਰੇ,
(ਕ) ਮਾਰੇ ਚੰਡ ਪ੍ਰਚੰਡ ਨੈ ਬੀਰ ਖੇਤ ਉਤਾਰੇ,
(ਖ) ਮਾਰੇ ਜਾਪਨ ਬਿਜੁਲੀ ਸਿਰ ਭਾਰ ਮੁਨਾਰੇ.

(ੳ) ਕ੍ਰੋਧ ਭਰੀ (ਪ੍ਰਚੰਡ) ਚੰਡੀ ਨੂੰ ਦੇਖਣ ਸਾਰ, ਜੰਗ ਵਿਚ ਨਗਾਰੇ ਰਣਕੇ,
(ਅ) ਗੁਸੈਲੇ, ਵਡੇ ਕੱਦਾਵਰ ਰਾਖਸ ਚਾਰੇ ਪਾਸਿਓਂ ਹੱਲਾ ਕਰਕੇ ਪਏ,
(ੲ) ਹੱਥਾਂ ਵਿਚ ਤਲਵਾਰਾਂ ਫੜਕੇ ਜੰਗ ਅੰਦਰ ਕਰਾਰਾ ਭੇੜ ਕੀਤਾ,
(ਸ) ਜੁੱਧ ਕਰਨ ਵਿਚ ਨਿਪੁਣ, ਜੋ ਕਦੇ ਜੰਗ ਤੋਂ ਨੱਠੇ ਨਹੀਂ,
(ਹ) ਦਿਲ ਵਿੱਚ ਕ੍ਰੋਧ ਵਧਾਕੇ, ਮਾਰੋ! ਮਾਰੋ! ਸ਼ਬਦ ਪੁਕਾਰਨ ਲਗੇ,
(ਕ) ਪ੍ਰਚੰਡ (ਤੇਜਵਾਨ) ਚੰਡੀ ਨੇ ਮਾਰਕੇ ਯੋਧਿਆਂ ਨੂੰ ਖੇਤ ਵਿੱਚ ਲਿਟਾ ਦਿੱਤਾ,
(ਖ) ਮਾਨੋ ਬਿਜਲੀ ਦੇ ਮਾਰੇ ਭਾਰੇ ਮੁਨਾਰੇ* ਸਿਰਪਰਣੇ ਡਿਗੇ ਹਨ.

---

* ਮੁਨਾਰਾ ਸ਼ਬਦ ਦਾ ਮੂਲ ਅਰਬੀ "ਮੀਨਾਰ" ਹੈ, ਜਿਸਦਾ ਅਰਥ ਨੂਰ ਪ੍ਰਕਾਸ਼ ਦਾ ਥਾਂ ਹੈ ਮੁਨਾਰਿਆਂ ਤੇ ਖੁਸ਼ਕੀ ਅਤੇ ਸਮੁੰਦ੍ਰੀ ਰਾਹਾਂ ਦੇ ਗਜ਼ਾਲ ਲਈ ਰੋਸ਼ਨੀ ਰਖੀ ਜਾਂਦੀ ਹੈ.

(੧੦) ਚੋਟ ਪਈ ਦਮਾਮੇ ਦਲਾਂ ਮੁਕਾਬਲਾ,
(ਅ) ਦੇਵੀ ਦਸਤ ਨਚਾਈ ਸੀਹਣ ਸਾਰ ਦੀ,
(ੲ) ਪੇਟ ਮਲੰਦੇ ਲਾਈ ਮਹਿਖੇ ਦੈਤ ਨੂੰ,
(ਸ) ਗੁਰਦੇ ਆਂਦਾ ਖਾਈ ਨਾਲੇ ਰੁੱਕਤੇ,
(ਹ) ਜੇਹੀ ਦਿਲ ਵਿਚਿ ਆਈ ਕਹੀ ਸੁਣਾਇਕੈ,
(ਕ) ਚੋਟੀ ਜਾਣੁ ਦਿਖਾਈ ਤਾਰੇ ਧੂਮਕੇਤੁ.

(੧੦) ਨਗਾਰੇ ਤੇ ਚੋਬ ਦੀ ਸੱਟ ਪਈ, ਫੌਜਾਂ ਦਾ ਮੁਕਾਬਲਾ ਹੋਇਆ,

(ਅ) ਦੇਵੀ ਨੇ ਲੋਹੇ ਦੀ ਸ਼ੇਰਣੀ(ਤਲਵਾਰ) ਹੱਥ ਵਿੱਚ ਨਚਾਈ, ਭਾਵ-ਫੁਰਤੀ ਨਾਲ ਘੁਮਾਈ,

(ੲ) ਅਤੇ ਮਹਿਖਾਸੁਰ ਬਕਬਾਦੀ* ਦੇ ਦੈਂਤ ਦੇ ਪੇਟ ਵਿਚ ਮਾਰੀ, ਅਰਥਾਤ ਮਹਿਖਾਸੁਰ ਦੇ ਭੇਜੇ ਹੋਏ ਫੌਜੀ ਅਫਸਰ ਤੇ ਤਲਵਾਰ ਚਲਾਈ,

(ਸ) ਗੁਰਦੇ, ਆਂਦਾਂ ਅਤੇ ਪਸਲੀਆਂ ਨੂੰ ਤਲਵਾਰ ਖਾ ਗਈ,**

(ਹ) ਇਸ ਤਲਵਾਰ ਦੀ ਉਪਮਾਂ ਜੇਹੀ ਮੇਰੇ ਦਿਲ ਆਈ ਹੈ ਸੋ ਪ੍ਰਗਟ ਕੀਤੀ ਹੈ।'

(ਕ) ਇਹ ਤਲਵਾਰ ਨਹੀਂ, ਮਾਨੋ ਧੂਮਕੇਤੂ ਤਾਰੇ ਨੇ ਆਪਣੀ ਚਮਕੀਲੀ ਬੋਦੀ ਵਿਖਾਈ ਹੈ.

---

* ਮਲੰਦਾ ਸ਼ਬਦ ਦਾ ਮੂਲ ਫਾਰਸੀ "ਮੁਲੰਦ" ਹੈ, ਜਿਸਦਾ ਅਰਥ ਹੈ ਬਹੁਤ ਬੋਲਣ ਅਤੇ ਸ਼ੇਖੀ ਮਾਰਨਵਾਲਾ.

** ਰੁੱਕਤਾ ਦਾ ਅਰਥ ਗੁਰਦਾ ਅਤੇ ਪਸਲੀ ਦੋਵੇਂ ਹੈ.

(ਮਲੰਦ) ਝੂਠ (ਯਾ ਸ਼ੇਖ਼ੀ) ਨ ਮਾਰ

(੧੧) ਚੋਟਾਂ ਪਵਨ ਨਗਾਰੇ ਅਣੀਆਂ ਜੁੱਟੀਆਂ,
(ਅ) ਧੂਹ ਲਈਆਂ ਤਲਵਾਰੀ ਦੇਵਾਂ ਦਾਨਵੀ,
(ੲ) ਵਾਹਨ ਵਾਰੋ ਵਾਰੀ ਸੂਰੇ ਸੰਘਰੇ,
(ਸ) ਵੱਗੈ ਰਤ ਝੁਲਾਰੀ ਜਿਉਂ ਗੇਰੂ ਬਾਬਤ੍ਰਾ,
(ਹ) ਦੇਖਨ ਬੈਠ ਅਟਾਰੀ ਨਾਰੀ ਰਾਖਸ਼ਾਂ,
(ਕ) ਪਾਈ ਧੂਮ ਸਵਾਰੀ ਦੁਰਗਾ ਦਾਨਵੀ,

(੧੧)ਨਗਾਰੇ ਵੱਜ ਰਹੇ ਹਨ, ਫੌਜਾਂ ਜੁਟ ਪਈਆਂ ਹਨ,
(ਅ) ਦੇਵਤਿਆਂ ਅਤੇ ਦੈਂਤਾਂ ਨੇ ਮਿਆਨੋ ਤਲਵਾਰਾਂ ਸੂਤ ਲਈਆਂ ਹਨ.
(ੲ) ਸੰਘਰ (ਜੰਗ) ਵਿਚ ਸੂਰਮੇ ਵਾਰੋ ਵਾਰੀ ਤਲਵਾਰਾਂ ਚਲਾਉਂਦੇ ਹਨ,
(ਸ) ਝਲਾਰਾਂ (ਕੂਲਾਂ) ਵਿਚ ਲਹੂ ਇਉਂ ਵਗ ਰਿਹਾ ਹੈ, ਜਿਵੇਂ ਗੇਰੂਆ ਆਬ ਉਤਰਦਾ ਹੈ, ਅਰਥਾਤ ਗੇਰੂ ਦੇ ਪਹਾੜ ਤੇ ਮੀਂਹ ਪੈਣ ਤੋਂ ਲਾਲ ਪਾਣੀ ਝਰਦਾ ਹੈ,
(ਹ) ਰਾਖਸ਼ਾਂ ਦੀਆਂ ਇਸਤ੍ਰੀਆਂ ਉਚੇ ਟਿੱਲਿਆਂ ਤੇ ਬੈਠਕੇ ਜੁੰਗ ਦੇਖਦੀਆਂ ਹਨ,
(ਕ) ਦੁਰਗਾ ਅਤੇ ਦੈਤਾਂ ਦੇ ਵਾਹਨਾਂ ਨੇ ਧੁੰਮ ਮਚਾ ਦਿੱਤੀ ਹੈ, ਭਾਵ-ਹਾਥੀ, ਘੋੜੇ, ਊਠ, ਝੋਟੇ, ਸ਼ੇਰ ਆਦਿਕਾਂ ਦੇ ਸ਼ਬਦ ਦਾ ਕੁਲਾਹਲ ਮਚ ਗਿਆ ਹੈ।

(੧੨) ਲੱਖ ਨਗਾਰੇ ਵੱਜਨ ਆਮ੍ਹੋਂ ਸਾਮ੍ਹਣੇ,
(ਅ) ਰਾਖਸ ਰਣੋ ਨ ਭੱਜਨ ਰੋਹੇ ਰੋਹਲੇ,
(ੲ) ਸੀਹਾਂ ਵਾਂਗੂ ਗੱਜਨ ਸੱਭੇ ਸੂਰਮੇ,
(ਸ) ਤਣਿ ਤਣਿ ਕੈਬਰ ਛੱਡਨ ਦੁਰਗਾ ਸਾਮ੍ਹਣੇ,

(੧੨)ਮੁਕਾਬਲੇ ਵਿਚ ਲੱਖਾਂ ਨਗਾਰੇ ਵੱਜਦੇ ਹਨ,
(ਅ) ਜੋਸ਼ੀਲੇ ਰਾਖਸ਼ ਕ੍ਰੋਧ ਵਿਚ ਆਏ ਜੰਗ ਤੋਂ ਪੈਰ ਪਿੱਛੇ ਨਹੀਂ ਹਟਾਉਂਦੇ,
(ੲ) ਸਾਰੇ ਸੂਰਮੇਂ ਸ਼ੇਰਾਂ ਵਾਂਙ ਗੱਜਦੇ ਹਨ,
(ਸ) ਖਿਚ ਖਿਚ ਕੇ ਦੇਵੀ ਦੇ ਸੰਮੁਖ ਤੀਰ ਛੱਡਦੇ ਹਨ.

(੧੩) ਧੁਰੇ ਨਗਾਰੇ ਦੋਹਰੇ ਰਣ ਸੰਗਲੀਆਲੇ,
(ਅ) ਧੂੜਿ ਲਪੇਟੇ ਧੂਹਰੇ ਸਿਰਦਾਰ ਜਟਾਲੇ,
(ੲ) ਉਖੱਲੀਆਂ ਨਾਸਾਂ ਜਿਨਾ ਮੁਹ ਜਾਪਨ ਆਲੇ,
(ਸ) ਧਾਏ ਦੇਵੀ ਸਾਮਣੇ ਬੀਰ ਮੁੱਛਲੀਆਲੇ,
(ਹ) ਸੁਰਪਤਿ ਜੇਹੇ ਲੜ ਹਟੇ ਬੀਰ ਟਲੇ ਨਾ ਟਾਲੇ,
(ਕ) ਗੱਜੇ ਦੁਰਗਾ ਘੇਰਿਕੈ ਜਣੁ ਘਣੀਅਰ ਕਾਲੇ.

(੧੩) ਦੂਹਰੀ ਚੋਬ ਸਹਿਤ, ਅਥਵਾ ਦੋਵੱਲੀਂ, ਜੰਜੀਰਦਾਰ* ਨਗਾਰੇ ਵੱਜੇ,

(ਅ) ਉਲਝੀਆਂ ਜਟਾਂ ਵਾਲੇ ਅਤੇ ਧੂੜਰੰਗੇ ਸਰਦਾਰ ਗਰਦ ਵਿੱਚ ਲਪੇਟੇ ਹੋਏ ਹਨ,**

(ੲ) ਜਿਨ੍ਹਾਂ ਦੀਆਂ ਨਾਸਾਂ ਉਖੱਲੀਆਂ ਜੇਹੀਆਂ ਅਤੇ ਮੂੰਹ ਆਲ੍ਹਿਆਂ ਜੇਡੇ ਦਿਖਾਈ ਦਿੰਦੇ ਹਨ,

(ਸ) ਕੁੰਢੀਆਂ ਮੁੱਛਾਂ ਵਾਲੇ ਯੋਧੇ, ਦੇਵੀ ਦੇ ਸਾਮ੍ਹਣੇ ਹੱਲਾ ਕਰਕੇ ਆਏ,

(ਹ) ਇੰਦ੍ਰ ਜੇਹੇ ਸੂਰਮੇ ਜਿਨ੍ਹਾਂ ਨਾਲ ਲੜ ਕੇ ਥਕ ਗਏ, ਪਰ ਉਹ ਕਿਸੇ ਦੇ ਟਾਲੇ ਜੰਗ ਤੋਂ ਨਹੀਂ ਟਲੇ, (ਅਰਥਾਤ ਪਿੱਛੇ ਪੈਰ ਨਹੀਂ ਰੱਖਿਆ).

(ਕ) ਦੇਵੀ ਨੂੰ ਚੁਫੇਰਿਓਂ ਘੇਰਕੇ ਇਉਂ ਗੱਜੇ, ਜਾਣੀਓਂ ਕਾਲੇ ਬੱਦਲ ਹਨ.

---

* ਜੋ ਧੌਂਸੇ, ਊਠੋਂ, ਘੋੜੇ ਆਦਿਕਾਂ ਤੇ ਰੱਖਕੇ ਵਜਾਈਦੇ ਸਨ, ਉਹ ਜੰਜੀਰ ਨਾਲ ਪਰਸਪਰ ਜਕੜੇ ਰਹਿੰਦੇ, ਤਾਕਿ ਵੱਖ ਨਾ ਹੋ ਸਕਣ, ਇਸ ਲਈ ਸੰਗਲੀਵਾਲੇ ਲਿਖਿਆ ਹੈ, ਇਨ੍ਹਾਂ ਨੂੰ ਜੁੜੌਤ ਨਗਾਰੇ ਭੀ ਆਖੀਦਾ ਹੈ,

** ਜਟਾਲ ਦਾ ਅਰਥ ਕ੍ਰੋਧੀ ਆਦਿ ਭੀ ਹੈ, ਦੇਖੋ, ਪਉੜੀ 46 ਦਾ ਫੁਟ ਨੋਟ.

(੧੪) ਚੋਟ ਪਈ ਖਰਚਾਮੀ ਦਲਾਂ ਮੁਕਾਬਲਾ,
(ੲ) ਘੇਰ ਲਈ ਵਰਿਆਮੀ ਦੁਰਗਾ ਆਇਕੈ,
(ੲ) ਰਾਖਸ ਵਡੇ ਅਲਾਮੀ ਭੱਜ ਨ ਜਾਣਦੇ,
(ਸ) ਅੰਤ ਹੋਏ ਸੁਰਗਾਮੀ ਮਾਰੇ ਦੇਵਤਾਂ.

(੧੪) ਖਰਚਾਮਾਂ ਦੀ, ਅਥਵਾ ਖਰਚਾਮਾਂ* ਤੇ, ਫੌਜਾਂ ਦਾ ਮੁਕਾਬਲਾ ਹੋਣ ਪੁਰ ਸੱਟ ਪਈ,
(ਅ) ਬਹਾਦਰਾਂ ਨੇ ਚੁਫੇਰਿਓਂ ਆਕੇ ਦੇਵੀ ਘੇਰ ਲਈ,
(ੲ) ਵਡੇ ਹੋਸ਼ਿਆਰ ** ਰਾਖਸ਼ ਨੱਠਣਾ ਜਾਣਦੇ ਹੀ ਨਹੀਂ,
(ਸ) ਦੇਵਤਿਆਂ ਦੇ ਮਾਰੇ ਅੰਤ ਨੂੰ ਸੁਰਗ ਵਿਚ ਜਾ ਪੁਜੇ.

---

* ਖਰ ਫ਼ਾਰਸੀ ਸ਼ਬਦ ਹੈ, ਜਿਸਦਾ ਅਰਥ ਸਾਜ ਬਜਾਉਣ ਦਾ ਡੰਡਾ ਗਜ਼ ਆਦਿ ਹੈ, ਚੰਮ ਉਤੇ ਖਰ ਦੀ ਸੱਟ ਪਈ, ਖਰਚਾਮ ਇਕ ਵਾਜਾ ਭੀ ਹੈ, ਜੋ ਨਗਾਰੇ ਵਾਂਙ ਹੋਣੋਂ ਤਿਖੀ ਗੋਲਾਈ ਨਹੀਂ ਰਖਦਾ, ਇਸ ਦਾ ਥੱਲਾ ਚਪੇਤਲਾ ਹੁੰਦਾ ਹੈ.

"ਦੈ ਚੋਬ ਦਮਾਮਨ ਉਸਟ ਖਰੀ ਖਰਚਾਮ ਅਨੇਕ ਬਜੀ ਝਨਕਾਰਾ"

ਅਤੇ "ਖਰਚਾਮ ਅਸਪੀ ਕੁੰਚਰੀ ਸੁਤਰੀ," (ਸਰਵਲੋਹ ਜੋ ਖਰ, ਗਧੇ ਦੇ ਚੰਮ ਦਾ ਨਗਾਰਾ ਆਖਦੇ ਹਨ ਉਹ ਭੁੱਲ ਕਰਦੇ ਹਨ.)

** ਅੱਲਾਮੀ ਅਰਬੀ ਸ਼ਬਦ ਹੈ, ਜਿਸ ਦਾ ਅਰਥ ਹੈ ਬਹੁਤ ਹੋਸ਼ਿਆਰ.

(੧੫) ਅਗਣਿਤ ਘੁਰੇ ਨਗਾਰੇ ਦਲਾਂ ਭਿੜੰਦਿਆਂ,
(ੳ) ਪਾਇ ਮਹਿਖਲ ਭਾਰੇ ਦੇਵਾਂ ਦਾਨਵਾਂ,
(ੲ) ਵਾਹਨ ਫੱਟ ਕਰਾਰੇ ਰਾਖਸ ਰੋਹਲੇ,
(ਸ) ਜਾਪਨ ਤੇਗੀ ਆਰੇ ਮਿਆਨੋ ਧੂਹੀਆਂ,
(ਹ) ਜੋਧੇ ਵਡੇ ਮੁਨਾਰੇ ਜਾਪਨ ਖੇਤ ਵਿਚਿ,
(ਕ) ਦੇਵੀ ਆਪ ਸਵਾਰੇ ਪਬਾਂ ਜਵੇਹਣੇ,
(ਖ) ਕਦੇ ਨ ਆਖਨ, 'ਹਾਰੇ', ਧਾਵਨ ਸਾਮ੍ਹਣੇ,
(ਗ) ਦੁਰਗਾ ਸਭ ਸੰਘਾਰੇ ਰਾਖਸ ਖੜਗ ਲੈ.

(੧੫) ਫੌਜਾਂ ਦਾ ਭੇੜ ਹੋਣ ਪੁਰ ਬੇਸ਼ੁਮਾਰ ਨਗਾਰੇ ਵੱਜੇ,
(ੳ) ਦੇਵਤਿਆਂ ਅਤੇ ਦੈਤਾਂ ਨੇ ਭਾਰੀ ਝੋਟੇ ਭੇੜ (ਮਹਿਖਲ) ਪਇਆ,
(ੲ) ਕ੍ਰੋਧੀ ਰਾਖਸ਼, ਕਾਰੀ ਫੱਟ ਵਾਹੁੰਦੇ ਹਨ,
(ਸ) ਮਿਆਨਾਂ ਤੋਂ ਕੱਢੀਆਂ ਤਲਵਾਰਾਂ ਮਾਨੋ ਆਰੇ ਹਨ,
(ਹ) ਜੰਗ ਵਿਚ ਯੋਧੇ ਮੁਨਾਰਿਆਂ ਜੇਹੇ ਦਿਖਾਈ ਦਿੰਦੇ ਹਨ,
(ਕ) ਪੱਬਾਂ (ਪਹਾੜਾਂ) ਜੇਹੇ ਦੈਤ ਦੇਵੀ ਨੇ ਖ਼ੁਦ ਮੈਦਾਨ ਅੰਦਰ ਸਵਾਰੇ, (ਸੁਲਾ ਦਿੱਤੇ)
(ਖ) ਜੋ ਕਦੇ ਮੂੰਹੋਂ ਨਹੀਂ ਆਖਦੇ ਸਨ ਕਿ, 'ਅਸੀਂ ਹਾਰੇ', ਜੋ ਸਾਮ੍ਹਣੇ ਹੀ ਨੱਠਕੇ ਆਉਂਦੇ ਸਨ,
(ਗ) ਅਜੇਹੇ ਰਾਖਸ਼ ਦੁਰਗਾ ਨੇ ਤਲਵਾਰ ਫੜਕੇ ਮਾਰ ਮੁਕਾਏ.

(੧੯) ਉਮਲ ਲੱਥੇ ਜੋਧੇ ਮਾਰੂ ਬੱਜਿਆ,
(ਅ) ਬੱਦਲ ਜਿਉਂ ਮਹਿਖਾਸੁਰ ਰਣ ਵਿਚਿ ਗੱਜਿਆ,
(ੲ) 'ਇੰਦਰ ਜੇਹਾ ਜੋਧਾ ਮੈਥਉ ਭੱਜਿਆ,
(ਸ) ਕਉਣ ਵਿਚਾਰੀ ਦੁਰਗਾ ਜਿਨ ਰਣ ਸੱਜਿਆ?'

(੧੯) ਉਮਡਕੇ ਯੋਧੇ ਮੈਦਾਨ ਜੰਗ ਵਿਚ ਉਤਰੇ, ਜੁਝਾਊ ਰਾਗ* ਵੱਜਿਆ,
(ਅ) ਮਹਿਖਾਸੁਰ ਦੈਂਤ ਬੱਦਲ ਵਾਂਙ ਜੰਗ ਅੰਦਰ ਗੱਜਿਆ,
(ੲ) ਆਖਣ ਲੱਗਾ 'ਇੰਦ੍ਰ ਜੇਹਾ ਜੋਧਾ ਤਾਂ ਮੈਥੋਂ ਭੱਜ ਗਿਆ ਹੈ,
(ਸ) ਇਹ ਵਿਚਾਰੀ ਦੁਰਗਾ ਕਿਸ ਗਿਣਤੀ ਵਿਚ ਹੈ, ਜਿਸ ਨੇ ਮੇਰੇ ਨਾਲ ਰਣ ਮੰਡਿਆ ਹੈ?'

---

* ਮਾਰੂ ਰਾਗ ਦਾ ਅਰਥ ਹੈ ਜਿਸਦੇ ਅਸਰ ਵਿਚ ਯੋਧਾ ਰਣ ਜਾਣ ਲਈ ਤਿਆਰ ਹੋ ਜਾਵੇ, ਕਈ ਮਾਰੂ ਰਾਗ ਨੂੰ ਭੀ ਯੁੱਧ ਦਾ ਖਾਸ ਰਾਗ ਮੰਨਦੇ ਹਨ.

(੧੭)ਬੱਜੇ ਢੋਲ ਨਗਾਰੇ ਦਲਾਂ ਮੁਕਾਬਲਾ,
(ਅ) ਤੀਰ ਫਿਰੈਂ ਰੈਬਾਰੇ ਆਮ੍ਹੋ ਸਾਮ੍ਹਣੇ,
(ੲ) ਅਗਣਿਤ ਬੀਰ ਸੰਘਾਰੇ ਲਗਦੀ ਕੈਬਰੀਂ,
(ਸ) ਡਿੱਗੇ ਜਾਣਿ ਮੁਨਾਰੇ ਮਾਰੇ ਬਿਜੁ ਦੇ,
(ਹ) ਖੁਲੀ ਵਾਲੀਂ ਦੈਤ ਅਹਾੜੇ ਸਭੇ ਸੂਰਮੇ,
(ਕ) ਸੁੱਤੇ ਜਾਣੁ ਜਟਾਲੇ ਭੰਗਾਂ ਖਾਇਕੈ.

(੧੭) ਫੌਜਾਂ ਦਾ ਮੁਕਾਬਲਾ ਹੋਣ ਪੁਰ ਢੋਲ ਅਤੇ ਨਗਾਰੇ ਵਜੇ,
(ਅ) ਦੋਹਾਂ ਪਾਸਿਆਂ ਤੋਂ ਤੀਰ ਇਉਂ ਫਿਰ ਰਹੇ ਹਨ, ਮਾਨੋ ਰਹਬਰੀ ਕਰਨ ਵਾਲੇ ਵਿਚੋਲੇ ਹਨ,
(ੲ) ਤੀਰਾਂ ਦੇ ਲਗਣ ਪੁਰ ਬੇਸ਼ੁਮਾਰ ਯੋਧੇ ਮਾਰੇ ਗਏ,
(ਸ) ਇਸਤਰ੍ਹਾਂ ਡਿਗ ਪਏ, ਜਾਣੀਓ ਬਿਜਲੀ ਦੇ ਮਾਰੇ ਮੁਨਾਰੇ ਡਿਗੇ ਹਨ,
(ਹ) ਸਾਰੇ ਸੂਰਮੇ ਦੈਤ, ਬਿਖਰੇ ਹੋਏ ਵਾਲਾਂ ਵਾਲੇ, ਭੈਦਾਯਕ ਸ਼ਬਦ ਬੋਲ ਉਠੇ,
(ਕ) ਜੰਗ ਵਿਚ ਇਉਂ ਸੌਂ ਗਏ, ਜਾਣੀਓ ਭੰਗਾਂ ਪੀਕੇ ਜਟਾਧਾਰੀ ਸੌਂ ਗਏ ਹਨ.

(੧੮) ਦੁਹਾਂ ਕੰਧਾਰਾਂ ਮੁਹ ਜੁੜੇ ਨਾਲਿ ਧਉਸਾਂ ਭਾਰੀ,
(ਅ) ਕੜਕ ਉਠਿਆ ਫਉਜ ਤੇ ਵੱਡਾ ਅਹੰਕਾਰੀ,
(ੲ) ਲੈਕੇ ਚੱਲਿਆ ਸੂਰਮੇ ਨਾਲ ਵਡੇ ਹਜਾਰੀ,
(ਸ) ਮਿਆਨੋ ਖੰਡਾ ਧੂਹਿਆ ਮਹਿਖਾਸੁਰ ਭਾਰੀ,
(ਹ) ਉਮਲ ਲੱਥੇ ਸੂਰਮੇ ਮਾਰ ਮਚੀ ਕਰਾਰੀ,
(ਕ) ਜਾਪੇ ਚੱਲੇ ਰਤੂ ਦੇ ਸਲਲੇ ਜਟਧਾਰੀ.

(੧੮) ਦੋਹਾਂ ਸੈਨਾਂ/ਧਾਵਾਰਾਂ* ਦੇ ਮੂੰਹ ਜੁੜੇ, ਇਨ੍ਹਾਂ ਨਾਲ ਭਾਰੀ ਨੌਬਤਾਂ ਹਨ,
(ਅ) ਵਡਾ ਅਹੰਕਾਰੀ (ਮਹਿਖਾਸੁਰ) ਕੜਕ ਕੇ ਫੌਜ ਵਿਚੋਂ ਵਧਿਆ,
(ੲ) ਵਡੇ ਮਨਸਬਦਾਰ ਸੂਰਮੇ ਆਪਣੇ ਨਾਲ ਲੈਕੇ ਤੁਰਿਆ,
(ਸ) ਅਤੇ ਮਿਆਨ ਤੋਂ ਭਾਰੀ ਖੰਡਾ ਸੂਤਿਆ,
(ਹ) ਸੂਰਮੇ ਉਮੰਡਕੇ ਮੈਦਾਨ ਵਿਚ ਉਤਰੇ ਅਤੇ ਕਰੜੀ ਮਾਰ ਮੱਚੀ,
(ਕ) ਲਹੂ ਦੇ ਨਾਲੇ* ਵਹਿ ਤੁਰੇ, ਮਾਨੋ ਜਟਾਧਾਰੀ (ਸ਼ਿਵ) ਦੀ ਜਟਾ ਵਿਚੋਂ ਜਲ ਪਰਵਾਹ ਨਿਕਲਿਆ ਹੈ.

---

* ਕੰਧਾਰ ਧਾਵਾਰ ਦਾ ਨਿਰਣਾ ਸਤਵੀਂ ਪਉੜੀ ਦੇ ਫੁਟ ਨੋਟ ਵਿਚ ਦੇਖੋ

* ਜਾਪੇ ਦਾ ਅਰਥ ਹੈ ਜਾਣ ਆਪ ਪਾਣੀ ਦਾ ਚਸ਼ਮਾ, ਨਾਲਾ, ਕੂਲ ਆਦਿ, ਜਾਪੇ ਦੇ ਅਰਥ ਮਾਨੋ, ਸ਼ੋਭਾ ਅਤੇ ਦਿਖਾਈ ਦਿੰਦਾ ਆਦਿ ਭੀ ਹਨ.

(੧੯)ਸੱਟ ਪਈ ਜਮਧਾਣੀ ਦਲਾਂ ਮੁਕਾਬਲਾ,
(ਅ) ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ,
(ੲ) ਚੰਡੀ ਰਾਖਸਖਾਣੀ ਵਾਹੀ ਦੈਤ ਨੂੰ,
(ਸ) ਕੋਪਰ ਚੂਰ ਚਵਾਣੀ ਲੱਥੀ ਕਰਗ ਲੈ,
(ਹ) ਪਾਖਰ ਤੁਰਾ ਪਲਾਣੀ ਰੜਕੀ ਧਰਤ ਜਾਇ,
(ਕ) ਲੈਂਦੀ ਅਘਾ ਸਿਧਾਣੀ ਸਿੰਘਾਂ ਧਉਲ ਦਿਆਂ,
(ਖ) ਕੂਰਮ ਸਿਰ ਲਹਲਾਣੀ ਦੁਸ਼ਮਨ ਮਾਰਕੇ,
(ਗ) ਵੱਢੇ ਗੱਨ ਤਿਖਾਣੀ ਮੂਏ ਖੇਤ ਵਿਚਿ,

(੧੯) ਚੋਬਾਂ ਦੀ ਸੱਟ ਜਮਧਾਣਾਂ* (ਨਗਾਰਿਆਂ) ਉਪੱਰ ਪਈ, ਫੌਜਾਂ ਦਾ ਮੁਕਾਬਲਾ ਹੋਇਆ,
(ਅ) ਦੇਵੀ ਨੇ ਮਿਆਨ ਤੋਂ ਤਲਵਾਰ ਧੂਹ ਲਈ,
(ੲ) ਰਾਖਸ਼ ਭੱਖਣੀ ਚੰਡੀ ਨੇ (ਮਹਿਖਾਸੁਰ) ਦੈਤ ਨੂੰ ਚਲਾਈ,
(ਸ) ਸਿਰ ਦੀ ਖੋਪਰੀ ਅਤੇ ਚਵਾਣ (ਮੂੰਹ) ਨੂੰ ਚੀਰਕੇ ਸਰੀਰ ਦੇ ਪਿੰਜਰੇ ਤਕ ਤਲਵਾਰ ਉਤਰ ਗਈ,
(ਹ) ਘੋੜੇ ਦੇ ਕਵਚ,** ਘੋੜੇ ਅਤੇ ਕਾਠੀ ਨੂੰ ਚੀਰਕੇ ਜ਼ਮੀਨ ਤੇ ਜਾ ਰੜਕੀ,
(ਕ) ਧੌਲ ਦੇ ਸਿੰਗਾਂ ਨੂੰ ਲੈਂਦੀ ਹੋਈ ਅਗਾਹਾਂ ਵਧੀ,
(ਖ) ਕੱਛੂ ਦੇ ਸਿਰ ਤੇ, ਦੁਸ਼ਮਣ ਨੂੰ ਮਾਰਕੇ ਜਾ ਚਮਕੀ,
(ਗ) ਮੈਦਾਨ ਜੰਗ ਵਿੱਚ ਮੁਰਦੇ ਇਉਂ ਪਏ ਹਨ, ਜਾਣੀਓਂ ਤਖਾਣਾਂ ਨੇ ਪੋਰੇ ਵੱਢੇ ਹਨ,

---

* ਯਮ-ਧਾਨ, ਉਹ ਨਗਾਰੇ ਹਨ, ਜੋ ਨਰ ਮਾਦੀ, ਹੁੰਦੇ ਹਨ, ਜਿਵੇਂ ਤਬਲੇ ਦਾ ਪੁੜਾ ਸਿਆਹੀ ਵਾਲਾ ਅਤੇ ਧਾਮਾ ਹੁੰਦਾ ਹੈ, ਇਹ ਜ਼ੰਜੀਰ ਨਾਲ ਬੰਧੇ ਰਹਿੰਦੇ ਹਨ, ਅਰ ਜੋੜੀ ਹੀ ਘੋੜੇ, ਸ਼ੁਤਰ ਆਦਿ ਤੇ ਰੱਖੀਦੀ ਹੈ.

** ਪਾਖਰ (ਪੁਖਰ) ਉਹ ਕਵਚ ਹੈ, ਜੋ ਘੋੜੇ ਦੀ ਰਖਯਾ ਲਈ ਪਹਿਨਾਈਦਾ ਹੈ, ਇਹ ਲੋਹੇ ਦੀਆਂ ਕੜੀਆਂ ਦਾ ਜਾਲ ਹੋਇਆ ਕਰਦਾ ਹੈ.

(ਘ) ਰਣ ਵਿਚਿ ਘੱਤੀ ਘਾਣੀ ਲੋਹੂ ਮਿੰਜ ਦੀ,
(ਙ) ਚਾਰੇ ਜੁਗ ਕਹਾਣੀ ਚੱਲਗੁ ਤੇਗ ਦੀ,
(ਚ) ਬਿਧਣ ਖੇਤ ਵਿਹਾਣੀ ਮਹਿਖੇ ਦੈਤ ਨੂੰ.

(ਘ) ਜੰਗ ਵਿਚ ਲਹੂ ਅਤੇ ਮਿੰਜ ਦੀ ਘਾਣੀ ਪੈ ਗਈ,
(ਙ) ਦੁਰਗਾ ਦੀ ਤਲਵਾਰ ਦੀ ਕਥਾ ਚਾਰੇ ਜੁਗਾਂ ਵਿਚ ਚਲੇਗੀ,
(ਚ) ਮਹਿਖਾਸੁਰ ਦੇ ਦੈਤਾਂ ਨੂੰ ਖੇਤ ਵਿਚ ਦੁਖਦਾਈ ਰਾਤ ਬੀਤੀ.*

---

* ਦੇਖੋ ਪਉੜੀ ੪੩ ਦਾ ਫੁਟਨੋਟ.

(੨੦) ਇਤਿ ਮਹਖਾਸੁਰ ਦੈਤ ਮਾਰੇ, ਦੁਰਗਾ ਆਇਆ,
(ਅ) ਚਉਦਹ ਲੋਕਾਂ ਰਾਣੀ ਸਿੰਘ ਨਚਾਇਆ,
(ੲ) ਮਾਰੇ ਵੀਰ ਜਟਾਣੀ ਦਲ ਵਿਚਿ ਅੱਗਲੇ,
(ਸ) ਮੰਗਣ ਨਾਹੀਂ ਪਾਣੀ ਦਲੀਂ ਹਕਾਰਕੇ,
(ਹ) ਜਣੁ ਕਰੀ ਸਮਾਇ ਪਠਾਣੀ ਸੁਣਿਕੇ ਰਾਗ ਨੁ,
(ਕ) ਰੱਤੂ ਦੇ ਹੜਵਾਣੀ ਚੱਲੇ ਵੀਰਖੇਤ,
(ਖ) ਪੀਤਾ ਫੁੱਲ ਇਆਣੀ ਘੂਮਨ ਸੂਰਮੇ.

(੨੦) ਮਹਿਖਾਸੁਰ ਦੈਤ ਦੀ ਸਮਾਪਤੀ ਹੋਈ ਅਤੇ ਮੈਦਾਨ ਵਿਚ ਦੁਰਗ* ਰਾਖਸ਼ ਆਇਆ.
(ਅ) ਚੌਦਾਂ ਲੋਕਾਂ ਦੀ ਰਾਣੀ ਨੇ ਸ਼ੇਰ ਕੁਦਾਇਆ,
(ੲ) ਜਟਾਣੀ (ਜਟਾਧਰ ਦੀ ਰਾਣੀ**) ਨੇ ਮੁਖੀਏ ਵੀਰ ਜੋ ਫੌਜ ਵਿੱਚ ਸਨ ਮਾਰ ਸੁੱਟੇ,
(ਸ) ਆਪਣੇ ਦਲਾਂ ਨੂੰ ਬੁਲਾਕੇ ਪਾਣੀ ਭੀ ਨਹੀਂ ਮੰਗਦੇ,
(ਹ) ਇਉਂ ਬੇਹੋਸ਼ ਪਏ ਹਨ, ਮਾਨੋ ਰਾਗ ਨੂੰ ਸੁਣਕੇ ਪਠਾਣ ਵਜਦ*** ਵਿੱਚ ਆਗਏ ਹਨ,
(ਕ) ਲਹੂ ਦੇ ਹੜ੍ਹ ਯੁੱਧਭੂਮੀ ਵਿੱਚ ਵਗ ਤੁਰੇ,
(ਖ) ਘਾਇਲ ਹੋਏ ਸੂਰਮੇ ਇਉਂ ਝੂਮਦੇ ਹਨ, ਮਾਨੋ ਸੋਫੀਆਂ ਨੇ ਤੁੰਦ ਸ਼ਰਾਬ # ਪੀ ਲਈ ਹੈ,

---

* ਦੁਰਗ ਰਾਖਸ ਮਾਰਨ ਤੋਂ ਹੀ ਦੁਰਗਾ ਨਾਮ ਹੋਇਆ,

** ਜਟਾਧਰ (ਸ਼ਿਵ) ਦੀ ਰਾਣੀ, ਪਾਰਵਤੀ 'ਗਿਰਿਜਾ'.

*** ਸਮਾਇ ਦਾ ਮੂਲ ਅਰਬੀ ਸਮਾਅ੍ ਹੈ, ਜਿਸ ਦਾ ਅਰਥ ਹੈ ਮਸਤੀ ਅਤੇ ਵਜਦ ਦੀ ਹਾਲਤ.

ਸ਼ਰਾਬ ਦਾ ਫੂਲ ਅਲਕੋਹਲ ਹੈ, ਜਿਸ ਵਿਚ ਬਹੁਤਾ ਤੇਜ ਨਸ਼ਾ ਹੈ, ਇਆਣਾ ਦਾ ਅਰਥ ਏਥੇ ਸੋਫੀ ਹੈ, ਜੋ ਸ਼ਰਾਬ ਦੇ ਨਸ਼ੇ ਤੋਂ ਅਞਾਣ ਹੈ.

(੨੧) ਹੋਈ ਅਲੋਪ ਭਵਾਨੀ ਦੇਵਾਂ ਨੂੰ ਰਾਜੁ ਦੇ,
(ੳ) ਈਸਰ ਦੀ ਬਰਦਾਨੀ ਹੋਈ ਜਿਤ ਦਿਨ,
(ੲ) ਸੁੰਭ ਨਿਸੁੰਭ ਗੁਮਾਨੀ ਜਨਮੇ ਸੂਰਮੇ,
(ਸ) ਇੰਦਰ ਦੀ ਰਜਧਾਨੀ ਤੱਕੀ ਜਿਤਣੀ.

(੨੧) ਦੁਰਗ ਨੂੰ ਫੌਜ ਸਮੇਤ ਮਾਰਕੇ ਅਤੇ ਦੇਵਤਿਆਂ ਨੂੰ ਰਾਜ ਦੇਕੇ ਦੁਰਗਾ ਅਲੋਪ ਹੋ ਗਈ,
(ੳ) ਇਸ ਪਿਛੋਂ, ਜਿਸ ਵੇਲੇ ਬ੍ਰਹਮਾ ਦਾ ਵਰਦਾਨ ਕਸ਼ਯਪ ਅਤੇ ਵਿਪ੍ਰਚਿਤਿ ਨੂੰ ਹੋਇਆ, ਤਦ-
(ੲ) ਸੁੰਭ ਅਤੇ ਨਿਸੁੰਭ ਅਭਿਮਾਨੀ ਸੂਰਮੇ ਜੰਮੇ,
(ਸ) ਜਿਨ੍ਹਾਂ ਨੇ ਇੰਦ੍ਰ ਦੀ ਰਾਜਧਾਨੀ (ਅਮਰਾਵਤੀ) ਜਿਤਣੀ ਤਕਾਈ.

(੨੨) ਇੰਦ੍ਰ ਪੁਰੀ ਤੇ ਧਾਵਣਾ ਵਡ ਜੋਧੀਂ ਮਤਾ ਪਕਾਇਆ,
(ੳ) ਸੰਜ ਪਟੇਲਾ ਪਾਖਰਾ ਭੇੜ ਸੰਦਾ ਸਾਜੁ ਬਣਾਇਆ,
(ੲ) ਜੁੰਮੇ ਕਟਕ ਅਛੂਹਣੀ ਅਸਮਾਨੁ ਗਰਦੀ ਛਾਇਆ,
(ਸ) ਰੋਹਿ ਸੁੰਭ ਨਿਸੁੰਭ ਸਿਧਾਇਆ.

(੨੨) ਵਡੇ ਜੋਧਿਆਂ ਨੇ ਮਤਾ ਪਕਾਇਆ ਕਿ ਇੰਦ੍ਰ ਪੁਰੀ ਤੇ ਹੱਲਾ ਕਰਨਾ ਹੈ,
(ੳ) ਕਵਚ (ਸੰਜ), ਮੂੰਹ ਢਕਣ ਦੀ ਲੋਹੇ ਦੀ ਪਟਲ (ਜਾਲੀ), ਘੋੜੇ ਦਾ ਸੰਜੋਆ (ਪ੍ਰਖਰ) ਆਦਿ ਨਾਲ ਯੁੱਧ ਦਾ ਸਾਮਾਨ ਤਿਆਰ ਕੀਤਾ,
(ੲ) ਕਈ ਅਛੂਹਣੀ* ਦਲ ਤੁਰੇ (ਜੁੰਮੇ), ਅਸਮਾਨ ਗਰਦ ਨਾਲ ਭਰ ਗਿਆ,
(ਸ) ਵਡੇ ਜੋਸ਼ ਨਾਲ ਸੁੰਭ ਅਤੇ ਨਿਸੁੰਭ ਨੇ ਕੂਚ ਕੀਤਾ.

---

*ਹਾਥੀ ੨੧੮੭੦, ਰਥ ੨੧੮੭੦, ਘੋੜੇ ੬੫੬੧੦, ਪਿਆਦੇ ੧੦੯੩੫੦, ਇਤਨੀ ਫੌਜ ਅਛੂਹਣੀ (ਅਕਸ਼ੌਹਣੀ) ਹੁੰਦੀ ਹੈ

(੨੩)ਸੁੰਭ ਨਿਸੁੰਭ ਅਲਾਇਆ ਵਡਜੋਧੀ ਸੰਘਰ ਵਾਏ,
(ਅ) ਰੋਹ ਦਿਖਾਲੀ ਦਿੱਤੀਆ ਵਰਿਆਮੀ ਤੁਰੇ ਨਚਾਏ,
(ੲ) ਘੁਰੇ ਦਮਾਮੇ ਦੋਹਰੇ ਜਮਬਾਹਣ ਜਿਉ ਅਰੜਾਏ,
(ਸ) ਦੇਉ ਦਾਨੋ ਲੁਝਣ ਆਏ.

(੨੩) ਸੁੰਭ ਨਿਸੁੰਭ ਨੇ ਹੁਕਮ ਕੀਤਾ, ਜਿਸ ਪੁਰ ਵਡੇ ਸੂਰਵੀਰਾਂ ਨੇ ਸੰਘਰ* (ਰਣਸਿੰਙ) ਵਜਾਏ,
(ੲ) ਕ੍ਰੋਧ ਨੇ ਸਾਖਯਾਤ ਦਰਸ਼ਨ ਆ ਦਿੱਤਾ, ਬਹਾਦੁਰਾਂ ਨੇ ਘੋੜੇ ਕੁਦਾਏ,
(ੲ) ਦੋਵੱਲੀ ਨਗਾਰੇ ਵੱਜੇ ਅਰ ਯੋਧੇ ਝੋਟੇ ਵਾਙ ਉੱਚਾ ਸ਼ਬਦ ਕਰਨ ਲਗੇ,
(ਸ) ਦੇਵਤਾ ਅਤੇ ਦੈਤ ਯੁੱਧ ਕਰਨ ਲਈ ਜੰਗ ਦੇ ਮੈਦਾਨ ਵਿਚ ਆਏ.

---

* ਸੰਘਰ ਦਾ ਅਰਥ ਯੁੱਧ, ਸੰਘਾਰ (ਵਿਨਾਸ਼) ਅਤੇ ਵਜਾਣਾ ਭੀ ਹੈ

(੨੪)ਦਾਨੋ ਦੇਉ ਅਨਾਗੀ ਸੰਘਰੁ ਰਚਿਆ,
(ਅ) ਫੁਲ ਖਿੜੇ ਜਣੁ ਬਾਗੀਂ ਬਾਣੇ ਜੋਧਿਆਂ,
(ੲ) ਭੂਤਾਂ ਇੱਲਾਂ ਕਾਗੀਂ ਗੋਸਤੁ ਭੱਖਿਆ,
(ਸ) ਹੁੰਮੜ ਧੁੰਮੜ ਜਾਗੀ ਘੱਤੀ ਸੂਰਿਆਂ.

(੨੪) ਦਾਨਵ ਅਤੇ ਦੇਵਤਿਆਂ ਨੇ ਲਗਾਤਾਰ (ਬਿਨਾ ਨਾਗਾ) ਯੁੱਧ ਰਚਿਆ,
(ਅ) ਯੋਧਿਆਂ ਦੇ ਬਾਣੇ ਲਹੂ ਨਾਲ ਅਜੇਹੇ ਹੋ ਗਏ, ਮਾਨੋ ਬਾਗਾਂ ਵਿਚ ਲਾਲ ਫੁੱਲ ਖਿੜੇ ਹਨ,
(ੲ) ਭੂਤਾਂ ਇੱਲਾਂ ਅਤੇ ਕਾਵਾਂ ਨੇ ਮਾਸ ਖਾਧਾ,
(ਸ) ਸੂਰਮਿਆਂ ਦੀ ਪਾਈ ਹੋਈ ਡੰਡਰੌਲੀ ਫੈਲ ਗਈ.

(੨੫)ਸੱਟ ਪਈ ਨਗਾਰੇ ਦਲਾਂ ਮੁਕਾਬਲਾ,
(ਅ) ਦਿੱਤੇ ਦੇਉ ਭਗਾਈ ਮਿਲਕੈ ਰਾਖਸੀਂ,
(ੲ) ਲੋਕੀਂ ਤਿਹੀਂ ਫਿਰਾਈ ਦੋਹੀ ਆਪਣੀ,
(ਸ) ਦੁਰਗਾ ਦੀ ਸਾਮ ਤਕਾਈ ਦੇਵਾਂ ਡਰਦਿਆਂ,
(ਹ) ਆਂਦੀ ਚੰਡ ਚੜਾਈ ਉਤੇ ਰਾਖਸਾਂ.

(੨੫) ਨਗਾਰੇ ਤੇ ਚੋਬ ਪੈਣ ਪੁਰ ਫੌਜਾਂ ਦਾ ਮੁਕਾਬਲਾ ਹੋਇਆ,
(ਅ) ਰਾਖਸ਼ਾਂ ਨੇ ਮਿਲਕੇ ਦੇਵਤੇ ਭਜਾ ਦਿੱਤੇ,
(ੲ) ਆਪਣੀ ਹਕੂਮਤ ਦਾ ਢੰਡੋਰਾ ਤੇਹਾਂ ਲੋਕਾਂ ਵਿਚ ਫੇਰ ਦਿੱਤਾ,
(ਸ) ਦੇਵਤਿਆਂ ਨੇ ਭੈ ਭੀਤ ਹੋਕੇ ਦੇਵੀ ਦੀ ਸ਼ਰਣ ਤੱਕੀ,
(ਹ) ਅਤੇ ਰਾਖਸ਼ਾਂ ਉਤੇ ਚੰਡੀ ਨੂੰ ਚੜ੍ਹਾ ਲਿਆਂਦਾ.

(੨੬)ਆਈ ਫੇਰ ਭਵਾਨੀ ਖਬਰੀ ਪਾਈਆਂ,
(ਅ) ਦੈਤ ਵਡੇ ਅਭਮਾਨੀ ਹੋਏ ਏਕਠੇ,
(ੲ) ਲੋਚਨਧੂਮ ਗੁਮਾਨੀ ਰਾਇ ਬੁਲਾਇਆ,
(ਸ) ਜਗ ਵਿਚਿ ਵੱਡਾ ਦਾਨੋ ਆਪ ਕਹਾਇਆ.
(ਹ) ਸੱਟ ਪਈ ਖਰਚਾਮੀ ਦੁਰਗਾ ਲਿਆਵਣੀ.

(੨੯) ਦੁਰਗਾ ਫੇਰ ਜੰਗ ਕਰਨ ਲਈ ਆਈ ਹੈ, ਇਹ ਖਬਰ ਦੈਤਾਂ ਨੂੰ ਲੱਗੀ,
(ਅ) ਵਡੇ ਹੰਕਾਰੀ ਦੈਤ ਜਮਾਂ ਹੋ ਗਏ,
(ੲ) ਰਾਜਾ ਸ਼ੁੰਭ ਨੇ ਧੂਮ੍ਰਲੋਚਨ ਅਭਿਮਾਨੀ ਨੂੰ ਸੱਦਿਆ,
(ਸ) ਅਰ ਆਖਿਆ ਕਿ ਤੂੰ ਆਪਣੇ ਤਾਈਂ ਵਡਾ ਦਾਨਵ ਕਹਾਉਂਦਾ ਹੈਂ, ਇਸ ਲਈ ਜਾਕੇ ਫਤਹਿ ਹਾਸਿਲ ਕਰ.
(ਹ) ਦੁਰਗਾ ਨੂੰ ਫੜਕੇ ਲੈ ਆਉਣ ਲਈ ਖਰਚਾਮਾਂ* ਉਤੇ ਚੋਬ ਪਈ.

---

*ਖਰਚਾਮ ਬਾਬਤ ਦੇਖੋ, ਪਉੜੀ 14 ਦਾ ਫੁਟ ਨੋਟ.

(੨੭) ਕੜਕ ਉਠੀ ਰਣ ਚੰਡੀ ਫਉਜਾਂ ਦੇਖਿਕੈ,
(ਅ) ਧੂਹਿ ਮਿਆਨੋ ਖੰਡਾ ਹੋਈ ਸਾਮਣੇ,
(ੲ) ਸਭੇ ਬੀਰ ਸੰਘਾਰੇ ਧੂਮਰ ਨੈਣ ਦੇ,
(ਸ) ਜਣੁ ਲੈ ਕੱਟੇ ਆਰੇ ਦਰਖਤ ਬਾਢੀਆਂ.

(੨੭) ਫੌਜਾਂ ਨੂੰ ਦੇਖਕੇ ਦੁਰਗਾ ਗੱਜ ਉਠੀ,
(ਅ) ਮਿਆਨ ਤੋਂ ਖੰਡਾ ਖਿਚਕੇ ਯੋਧੇ ਮਾਰ ਸੁੱਟੇ,
(ੲ) ਧੂਮ੍ਰਨੈਨ ਦੇ ਸਾਰੇ ਯੋਧੇ ਮਾਰ ਸੁੱਟੇ,
(ਸ) ਜਾਣੀਓ ਆਰੇ ਲੈਕੇ ਤਖਾਣਾਂ ਨੇ ਬਿਰਛ ਵੱਢੇ ਹਨ.

(੨੮)ਚੋਬੀ ਧਉਸ ਬਜਾਈ ਦਲਾਂ ਮੁਕਾਬਲਾ,
(ਅ) ਰੋਹ ਭਵਾਨੀ ਆਈ ਉਤੇ ਰਾਖਸਾਂ,
(ੲ) ਖਬੈ ਦਸਤ ਨਚਾਈ ਸੀਹਣਸਾਰ ਦੀ,
(ਸ) ਬਹੁਤਿਆਂ ਦੇ ਤਨ ਲਾਈ ਕੀਤੀ ਰੰਗੁਲੀ,
(ਹ) ਭਾਈਆਂ ਮਾਰਨ ਭਾਈ ਦੁਰਗਾ ਜਾਣਿਕੈ,
(ਕ) ਰੋਹ ਹੋਇ ਚਲਾਈ ਰਾਖਸ ਰਾਇ ਨੂ,
(ਖ) ਜਮਪੁਰ ਦੀਆ ਪਠਾਈ ਲੋਚਨਧੂਮ ਨੂ,
(ਗ) ਜਾਪੇ ਦਿੱਤੀ ਸਾਈ ਮਾਰਨ ਸੁੰਭ ਦੀ.

(੨੮) ਧਉਂਸਿਆਂ ਤੇ ਚੋਬ ਪਈ ਅਤੇ ਫੌਜਾਂ ਦਾ ਮੂਹ ਭੇੜ ਹੋਇਆ,
(ਅ) ਕ੍ਰੋਧ ਨਾਲ ਰਾਖਸ਼ਾਂ ਉਤੇ ਦੁਰਗਾ ਹੱਲਾ ਕਰਕੇ ਆਈ,
(ੲ) ਲੋਹੇ ਦੀ ਸ਼ੇਰਣੀ (ਤਲਵਾਰ), ਖੱਬੇ ਹੱਥ ਲੈਕੇ* ਚੰਗੀ ਤਰ੍ਹਾਂ ਫੇਰੀ,
(ਸ) ਬਹੁਤਿਆਂ ਦੇ ਸਰੀਰ ਨੂੰ ਲਾਕੇ ਰੰਗੀਨ ਕਰਨ ਲਈ,
(ਹ) ਘਬਰਾਏ ਹੋਏ ਵੈਰੀ, ਆਪਣੇ ਹੀ ਭਾਈਆਂ ਨੂੰ ਦੁਰਗਾ ਸਮਝਕੇ ਮਾਰਦੇ ਹਨ,
(ਕ) ਗੁੱਸੇ ਨਾਲ ਰਾਖਸ਼ਰਾਜ (ਧੂਮ੍ਰਲੋਚਨ) ਉਤੇ ਦੇਵੀ ਨੇ ਤਲਵਾਰ ਚਲਾਈ,
(ਖ) ਧੂਮ੍ਰਲੋਚਨ ਨੂੰ ਯਮਪੁਰ ਭੇਜ ਦਿੱਤਾ, ਅਰਥਾਤ ਮਾਰ ਦਿੱਤਾ,
(ਗ) ਧੂਮ੍ਰਲੋਚਨ ਨਹੀਂ ਮਾਰਿਆ, ਮਾਨੋ ਸੁੰਭ ਮਾਰਨ ਲਈ ਸਾਈ ਦਿੱਤੀ ਹੈ.

---

* ਦੁਰਗਾ ਦੋਹਾਂ ਹੱਥਾਂ (ਸੱਜੇ ਖੱਬੇ) ਨਾਲ ਤਲਵਾਰ ਚਲਾਉਣ ਦਾ ਅਭਿਆਸ ਰਖਦੀ ਹੈ ਦੇਖੋ, ਪਾਉੜੀ ੪੯.

(੨੯)ਭੰਨੇ ਦੈਤ ਪੁਕਾਰੇ ਰਾਜੇ ਸੁੰਭ ਥੈ,-
(ਅ) 'ਲੋਚਨਧੂਮ ਸੰਘਾਰੇ ਸਣੇ ਸਿਪਾਹੀਆਂ,
(ੲ) ਚੁਣਿ ਚੁਣਿ ਜੋਧੇ ਮਾਰੇ ਅੰਦਰਿ ਖੇਤ ਦੈ
(ਸ) ਜਾਪਨ ਅੰਬਰਿ ਤਾਰੇ ਡਿਗਨ ਸੂਰਮੇ,
(ਹ) ਗਿਰ ਪਰਬਤ ਭਾਰੇ ਮਾਰੇ ਬਿੱਜੁ ਦੇ,
(ਕ) ਦੈਤਾਂ ਦੇ ਦਲ ਹਾਰੇ ਦਹਸਤ ਖਾਇਕੈ,
(ਖ) ਬਚੇ ਸੁਮਾਰੇ ਮਾਰੇ ਰਹਿੰਦੇ ਰਾਇਥੈ.

(੨੯) ਜੰਗ ਤੋਂ ਭੱਜਕੇ ਦੈਤਾਂ ਨੇ ਰਾਜੇ ਸੁੰਭ ਪਾਸ ਵਿਲਾਪ ਕੀਤਾ,
(ਅ) ਕਿ-ਸਿਪਾਹੀਆਂ ਸਮੇਤ ਧੂਮਲੋਚਨ ਮਾਰਿਆ ਗਿਆ ਹੈ,
(ੲ) ਅਤੇ ਮੈਦਾਨ ਵਿਚ ਚੁਗ ਚੁਗ ਕੇ, ਨਾਮੀ ਯੋਧੇ ਮਾਰ ਦਿੱਤੇ ਹਨ,
(ਸ) ਅਸਾਡੇ ਸੂਰਮੇ ਇਉਂ ਡਿੱਗੇ, ਜਾਣੀਓਂ ਅਸਮਾਨ ਤੋਂ ਤਾਰੇ ਡਿਗਦੇ ਹਨ,
(ਹ) ਅਥਵਾ ਬਿਜਲੀ ਦੇ ਮਾਰੇ ਭਾਰੀ ਪਰਬਤ ਡਿਗੇ ਹਨ,
(ਕ) ਖੌਫ ਖਾਕੇ ਦੈਤਾਂ ਦੇ ਦਲ ਹਾਰ ਗਏ ਹਨ,
(ਖ) ਹੇ ਰਾਜਨ! ਜੋ ਜੰਗ ਤੋਂ ਬਚੇ, ਅਤੇ ਜੋ ਆਪ ਪਾਸ ਰਹਿੰਦੇ ਹਨ, ਇਹ ਸਭ ਮੋਇਆਂ ਵਿਚ ਸੁਮਾਰ ਕੀਤੇ ਗਏ ਹਨ,*

---

* ਭਾਵ ਇਹ ਹੈ ਕਿ ਸਾਨੂੰ ਕਿਸੇ ਦੇ ਬਚਣ ਦੀ ਹੁਣ ਆਸ ਨਹੀਂ, ਅਸੀ ਸਾਰਿਆਂ ਨੂੰ ਮੋਏ ਹੋਏ ਗਿਣਦੇ ਹਾਂ.

(੩੦) ਰੋਹ ਹੋਇ ਬੁਲਾਏ ਰਾਖਸਰਾਇ ਨੇ,
(ਅ) ਬੈਠੇ ਮਤਾ ਪਕਾਈ ਦੁਰਗਾ ਲਿਆਵਣੀ,
(ੲ) ਚੰਡ ਅਰੁ ਮੁੰਡ ਪਟਾਏ ਬਹੁਤਾ ਕਟਕੁ ਦੇ,
(ਸ) ਜਾਪੇ ਛੱਪਰ ਛਾਏ ਬਣੀਆਂ ਕੇਜਮਾ,
(ਹ) ਜੇਤੇ ਰਾਇ ਬੁਲਾਏ ਚੱਲੇ ਜੁੱਝ ਨੋ,
(ਕ) ਜਣੁ ਜਮਪੁਰ ਪਕੜਿ ਚਲਾਏ ਸੱਭੇ ਮਾਰਨੇ.

(੩੦) ਖਫਾ ਹੋਕੇ ਰਾਖਸ਼ਾਂ ਦੇ ਰਾਜਾ ਸੁੰਭ ਨੇ ਸਾਰੇ ਮਜਲਸੀ ਬੁਲਾਏ,
(ਅ) ਇਹ ਮਤਾ ਪਕਾ ਬੈਠੇ ਕਿ ਦੇਵੀ ਫੜ ਲਿਆਉਣੀ ਹੈ,
(ੲ) ਚੰਡ ਅਤੇ ਮੁੰਡ ਸਰਦਾਰ ਬਹੁਤ ਫੌਜ ਦੇਕੇ ਭੇਜ ਦਿੱਤੇ,
(ਸ) ਮਿਆਨੋਂ ਧੂਹੀਆਂ ਤਲਵਾਰਾਂ* ਅਜੇਹੀਆਂ ਬਣੀਆਂ ਹਨ, ਜਾਣੀਓ ਫੌਜ ਤੇ ਛੱਪਰ ਛਾ ਦਿੱਤਾ ਹੈ,
(ਹ) ਰਾਜਾ ਸੁੰਭ ਨੇ ਜਿਤਨੇ ਸਭਾ ਵਿੱਚ ਸੱਦੇ ਸਨ, ਸਾਰੇ ਜੰਗ ਲਈ ਰਵਾਨਾ ਹੋਗਏ,
(ਕ) ਇਹ ਜੰਗ ਨੂੰ ਨਹੀਂ ਭੇਜੇ, ਮਾਨੋ ਮਾਰਨ ਲਈ ਫੜਕੇ ਸਾਰਿਆਂ ਦਾ ਜਮਪੁਰ ਨੂੰ ਚਲਾਨਾ ਕੀਤਾ ਹੈ.

---

* ਇਹ ਅਰਬੀ ਸ਼ਬਦ "ਕਜ਼ਮ" ਹੈ, ਜਿਸ ਦਾ ਅਰਥ ਤਲਵਾਰ ਹੈ,

(੩੧)ਢੋਲ ਨਗਾਰੇ ਵਾਏ ਦਲਾਂ ਮੁਕਾਬਲਾ,
(ਅ) ਰੋਹ ਰੁਹੇਲੇ ਆਏ ਉਤੇ ਰਾਖਸਾਂ,
(ੲ) ਸਭਨੀ ਤੁਰੇ ਨਚਾਏ ਬਰਛੇ ਪਕੜਿਕੈ,
(ਸ) ਬਹੁਤੇ ਮਾਰਿ ਗਿਰਾਏ ਅੰਦਰਿ ਖੇਤ ਦੈ,
(ਹ) ਤੀਰੀਂ ਛਹਬਰਿ ਲਾਈ ਬੁਠੀ ਦੇਵਤਾਂ.

(੩੧) ਢੋਲ ਤੇ ਨਗਾਰੇ ਵਜਾਏ, ਫੌਜਾਂ ਦਾ ਟਾਕਰਾ ਹੋਇਆ,
(ਅ) ਜੋਸ਼ੀਲੇ ਦੇਵਤੇ ਭੀ ਕ੍ਰੋਧ ਕਰਕੇ ਰਾਖਸ਼ਾਂ ਤੇ ਚੜ੍ਹ ਆਏ,
(ੲ) ਸਾਰਿਆਂ ਨੇ ਬਰਛੇ ਹੱਥ ਫੜਕੇ ਘੋੜੇ ਕੁਦਾਏ,
(ਸ) ਬਹੁਤੇ ਯੋਧੇ ਖੇਤ ਅੰਦਰ ਮਾਰਕੇ ਸਿੱਟ ਦਿੱਤੇ,
(ਹ) ਦੇਵਤਿਆਂ ਨੇ ਤੀਰਾਂ ਦੀ ਬਰਖਾ ਦੀ ਝੜੀ ਲਾ ਦਿੱਤੀ.

(੩੨)ਭੇਰੀ ਸੰਖ ਬਜਾਏ ਸੰਘਰ ਰਚਿਆ,
(ਅ) ਤਣਿ ਤਣਿ ਤੀਰ ਚਲਾਏ ਦੁਰਗਾ ਧਨਖ ਲੈ,
(ੲ) ਜਿਨੀ ਦਸਤ ਉਠਾਏ, ਰਹੇ ਨ ਜੀਂਵਦੇ,
(ਸ) ਚੰਡ ਅਰੁ ਮੁੰਡ ਖਪਾਏ ਦੋਨੋ ਦੇਵਤਾਂ.

(੩੨) ਭੇਰੀ (ਨਫੀਰੀ ਨਾਲ ਵੱਜਣ ਵਾਲਾ ਛੋਟਾ ਨਗਾਰਾ) ਅਤੇ ਸੰਖ ਬਜਾਏ, ਜੰਗ ਹੋਣ ਲਗਾ,
(ਅ) ਦੇਵੀ ਨੇ ਕਮਾਣ ਹੱਥ ਲੈਕੇ ਖਿਚ ਖਿਚਕੇ ਤੀਰ ਚਲਾਏ,
(ੲ) ਜਿਨ੍ਹਾਂ ਨੇ ਅੱਗੋਂ ਹੱਥ ਚੁੱਕਿਆ, ਉਹ ਜੀਉਂਦੇ ਨਾ ਰਹੇ,
(ਸ) ਦੇਵਤਿਆਂ ਨੇ ਚੰਡ ਅਤੇ ਮੁੰਡ ਦੋਵੇਂ ਮਾਰ ਮੁਕਾਏ.

(੩੩)ਸੁੰਭ ਨਿਸੁੰਭ ਰਿਸਾਏ ਮਾਰੇ ਦੈਤ ਸੁਣਿ,
(ਅ) ਜੋਧੇ ਸਭ ਬੁਲਾਏ ਅਪਣੇ ਮਜਲਸੀ,
(ੲ) ਜਿਨੀ ਦੇਉ ਭਜਾਏ ਇੰਦਰ ਜੇਹਵੇ,
(ਸ) ਤੇਈ ਮਾਰ ਗਿਰਾਏ ਪਲ ਵਿਚਿ ਦੇਵਤਾਂ,
(ਹ) ਓਨੀ ਦਸਤੀ ਦਸਤਿ ਵਜਾਏ ਤਿਨਾਂ ਚਿਤ ਕਰਿ,
(ਕ) ਫਿਰ ਸ੍ਰਣਵਤਬੀਜ ਚਲਾਏ ਬੀੜੇ ਰਾਇ ਦੇ,
(ਖ) ਸੰਜ ਪਟੇਲਾ ਪਾਏ ਚਿਲਕਤ ਟੋਪੀਆਂ,
(ਗ) ਲੁਝਣ ਨੋ ਅਰੜਾਏ ਰਾਖਸ ਰੋਹਲੇ,
(ਘ) ਕਦੇ ਨ ਕਿਨੈ ਹਟਾਏ ਜੁਝ ਮਚਾਇਕੈ,
(ਙ) ਮਿਲਿ ਤੇਈ ਦਾਨੋ ਆਏ, ਹੁਣ ਸੰਘਰ ਦੇਖਣਾ.

(੩੩) ਚੰਡ ਮੁੰਡ ਮਾਰੇ ਸੁਣਕੇ ਸ਼ੁੰਭ ਅਤੇ ਨਿਸ਼ੁੰਭ ਖਫਾ ਹੋਏ,
(ਅ) ਆਪਣੇ ਸਾਰੇ ਸਭਾਸਦ ਯੋਧੇ ਸੱਦੇ,
(ੲ) ਆਖਿਆ, ਦੇਖੋ। ਜਿਨ੍ਹਾਂ ਨੇ ਇੰਦ੍ਰ ਜੇਹੇ ਯੋਧੇ ਭਜਾ ਦਿੱਤੇ ਸਨ,
(ਸ) ਉਹ ਦੇਵਤਿਆਂ ਨੇ ਪਲ ਵਿਚ ਮਾਰਕੇ ਮੈਦਾਨ ਵਿੱਚ ਲਿਟਾ ਦਿੱਤੇ,
(ਹ) ਸਭਾਸਦਾਂ ਨੇ ਚੰਡ ਮੁੰਡ ਨੂੰ ਚੇਤੇ ਕਰਕੇ ਹੱਥ ਪਟਕੇ, ਅਰਥਾਤ ਸ਼ੋਕ ਪ੍ਰਗਟ ਕੀਤਾ,
(ਕ) ਫੇਰ ਰਾਜਾ ਨੇ ਪਾਨ ਦਾ ਬੀੜਾ ਦੇਕੇ ਸ੍ਰੋਣ (ਸ਼ੋਣਿਤ) ਬੀਜ ਨੂੰ, ਰਵਾਨਾ ਕੀਤਾ,
(ਖ) ਸੰਜੋਏ ਅਤੇ ਜਾਲੀਆਂ ਯੋਧਿਆਂ ਨੇ ਪਹਿਰੇ ਅਤੇ ਸਰਪੋਸ਼ ਚਮਕ ਰਹੇ ਹਨ,
(ਗ) ਜੰਗ ਕਰਨ ਲਈ ਕ੍ਰੋਧੀ ਰਾਖਸ਼ ਲਲਕਾਰੇ,
(ਘ) ਜਿਨ੍ਹਾਂ ਨੂੰ ਕਦੇ ਕਿਸੇ ਨੇ ਜੰਗ ਕਰਕੇ ਪਿੱਛੇ ਨਹੀਂ ਹਟਾਇਆ,
(ਙ) ਇੱਕਠੇ ਹੋਕੇ ਉਹੀ ਦੈਤ ਜੰਗ ਲਈ ਆਏ ਹਨ, ਹੁਣ ਇਨ੍ਹਾਂ ਦਾ ਯੁੱਧ ਵੇਖਣਾ ਹੈ, ਕਿ ਕੇਹਾ ਹੋਂਦਾ ਹੈ.

(੩੪)ਦੈਤੀਂ ਡੰਡ ਉਭਾਰੀ ਨੇੜੇ ਆਇਕੈ,
(ਅ) ਸਿੰਘ ਕਰੀ ਅਸਵਾਰੀ ਦੁਰਗਾ ਸ਼ੋਰ ਸੁਣਿ,
(ੲ) ਖੱਬੈ ਦਸਤ ਉਭਾਰੀ ਗਦਾ ਫਿਰਾਇਕੈ,
(ਸ) ਸੈਨਾ ਸਭ ਸੰਘਾਰੀ ਸ੍ਰਣਵਤਬੀਜ ਦੀ,
(ਹ) ਜਣੁ ਮਦ ਖਾਇ ਮਦਾਰੀ ਘੂਮਨ ਸੂਰਮੇ,
(ਕ) ਅਗਿਣਤ ਪਾਉ ਪਸਾਰੀ ਰੁਲੇ ਅਹਾੜ ਵਿਚਿ,
(ਖ) ਜਾਪੈ ਖੇਡ ਖਿਡਾਰੀ ਸੁੱਤੇ ਫਾਗ ਨੂੰ.

(੩੪) ਦੈਤਾਂ ਨੇ ਨੇੜੇ ਆਕੇ ਸ਼ੋਰ ਮਚਾਇਆ,
(ਅ) ਰੌਲਾ ਸੁਣਕੇ ਦੁਰਗਾ ਨੇ ਸ਼ੇਰ ਦੀ ਸਵਾਰੀ ਕੀਤੀ,
(ੲ) ਖੱਬੇ ਹੱਥ ਵਿਚ ਗਦਾ ਫੇਰਕੇ ਉਚੀ ਕੀਤੀ,
(ਸ) ਸ੍ਰੋਣਤਬੀਜ ਦੀ ਸਾਰੀ ਸੈਨਾ ਮਾਰ ਦਿੱਤੀ,
(ਹ) ਸੂਰਮੇ ਗਦਾ ਦੇ ਮਾਰੇ ਐਉਂ ਝੂਮਦੇ ਹਨ, ਜਾਣੀਓਂ ਨਸ਼ਾ ਖਾਕੇ ਮਦਾਰੀ* ਘੁਮੇਰੀ ਖਾਂਦੇ ਹਨ,
(ਕ) ਅਹਾੜ (ਖੇਤ) ਵਿਚ ਬੇਸ਼ੁਮਾਰ ਯੋਧੇ ਪੈਰ ਪਸਾਰਕੇ ਲਿਟ ਗਏ,
(ਖ) ਜਾਣੀਓਂ ਫਾਗ ਖੇਡਕੇ ਖਿਡਾਰੀ ਸੌਂ ਗਏ ਹਨ.

---

* ਇਹ ਅਰਬੀ ਸ਼ਬਦ ਹੈ ਜਿਸ ਦਾ ਅਰਥ ਹੈ ਚਾਰੇ ਪਾਸੇ ਘੁੰਮਣ ਵਾਲਾ, ਸ਼ੇਖ ਮੁਹੰਮਦ ਤੈਫੂਰੀ ਦੇ ਚੇਲੇ ਭੀ ਮਦਾਰੀ ਸੱਦੀਦੇ ਹਨ, ਕਿਉਂਕਿ ਉਹ ਮਸਤੀ ਵਿਚ ਆਕੇ ਨਚਦੇ ਹੋਏ ਘੁਮੇਰੀਆਂ ਪਾਣ ਲੱਗ ਜਾਂਦੇ ਹਨ.

(੩੫) ਸ੍ਰੋਣਵਤ ਬੀਜ ਹਕਾਰੇ ਰਹਂਦੇ ਸੂਰਮੇ,
(ਅ) ਜੋਧੇ ਜੇਡ ਮੁਨਾਰੇ ਦਿੱਸਨ ਖੇਤ ਵਿਚਿ,
(ੲ) ਸਭਨੀ ਦਸਤ ਉਭਾਰੇ ਤੇਗਾਂ ਧੂਹਿਕੈ,
(ਸ) ਮਾਰੋ ਮਾਰ ਪੁਕਾਰੇ ਆਏ ਸਾਮਣੇ,
(ਹ) ਸੰਜਾਂ ਤੇ ਠਣਕਾਰੇ ਤੇਗੀਂ ਉਭਰੇ,
(ਕ) ਘਾੜ ਘੜਨ ਠਠਿਆਰੇ ਜਾਣੁ ਬਣਾਇਕੈ.

(੩੫) ਰਕਤਬੀਜ ਨੇ ਬਾਕੀ ਬਚੇ ਸੂਰਮੇ ਪਾਸ ਸੱਦੇ,
(ਅ) ਜੋ ਮੁਨਾਰਿਆਂ ਜੇਹੇ ਉਚੇ ਜੰਗ ਭੂਮੀ ਵਿੱਚ ਦਿਖਾਈ ਦਿੰਦੇ ਹਨ,
(ੲ) ਸਾਰਿਆਂ ਨੇ ਤਲਵਾਰਾਂ ਖਿਚਕੇ ਹੱਥ ਉਚੇ ਕੀਤੇ,
(ਸ) ਮਾਰ ਲਓ! ਮਾਰ ਲਓ! ਬੋਲਦੇ ਹੋਏ ਸਾਮ੍ਹਣੇ ਆਏ,
(ਹ) ਸੰਜੋਇਆਂ ਉਤੇ ਤਲਵਾਰਾਂ ਦੇ ਠਣਕਾਰ ਇਉਂ ਵੱਜੇ,
(ਕ) ਜਾਣੀਓਂ ਠਠਿਆਰੇ ਘਾੜਤ ਘੜ ਰਹੇ ਹਨ.

(੩੬) ਸੱਟ ਪਈ ਜਮਧਾਣੀ ਦਲਾਂ ਮੁਕਾਬਲਾ,
(ਅ) ਘੂਮਰ ਬਰਗਸਤਾਣੀ ਦਲ ਵਿਚਿ ਘੱਤੀਓ,
(ੲ) ਸਣੇ ਤੁਰਾ ਪਲਾਣੀ ਡਿੱਗਨ ਸੂਰਮੇ,
(ਸ) ਉਠਿ ਉਠਿ ਮੰਗਨਿ ਪਾਣੀ ਘਾਇਲ ਘੂਮਦੇ,
(ਹ) ਏਵਡੁ ਮਾਰ ਵਿਹਾਣੀ ਉੱਪਰ ਰਾਖਸਾਂ,
(ਕ) ਬਿਜੁਲ ਜਿਉਂ ਝਰਲਾਣੀ ਉੱਠੀ ਦੇਵਤਾਂ.

(੩੬)ਜੁੜੌਤ ਨਗਾਰਿਆਂ ਤੇ ਚੋਬ ਪਈ, * ਫੌਜਾਂ ਦਾ ਭੇੜ ਹੋਇਆ,
(ਅ) ਫੌਜ ਵਿਚ ਦੇਵੀ ਨੇ ਭਾਜੜ ਦਾ ਨਾਚ ਮਚਾ ਦਿਤਾ**
(ੲ) ਸੂਰਮੇ, ਘੋੜਿਆਂ ਅਤੇ ਕਾਠੀਆਂ ਸਮੇਤ ਡਿਗਣ ਲਗੇ,
(ਸ) ਕਈ ਝੂਮਦੇ ਹੋਏ ਫੱਟੜ ਸਿਪਾਹੀ ਉੱਠਕੇ ਪਾਣੀ ਮੰਗਦੇ ਹਨ,
(ਹ) ਰਾਖਸ਼ਾਂ ਉਤੇ ਏਡੀ ਮਾਰ ਪਈ,
(ਕ) ਕਿ ਜਿਸਤੋਂ ਦੇਵਤਿਆਂ ਨੂੰ ਬਿਜਲੀ ਦੇ ਝਰਨਾਟੇ ਵਾਂਙ ਖੁਸ਼ੀ ਦੀ ਲਹਿਰ ਉੱਠੀ.

---

* ਜਮਧਾਣ ਬਾਬਤ ਦੇਖੋ, ਪਉੜੀ 19 ਦਾ ਫੁਟਨੋਟ

**ਬਰਗਸਤਾਣੀ ਦਾ ਮੂਲ ਫਾਰਸੀ ਬਰਗਸਤਨ ਹੈ, ਜਿਸ ਦਾ ਅਰਥ ਫਿਰ ਜਾਣਾ, ਵਿਮੁਖ ਹੋਣਾ ਹੈ ਘੂਮਰ: ਘੁਮੇਰੀ.

(੩੭) ਚੋਬੀ ਧਉਸ ਉਭਾਰੀ ਦਲਾਂ ਮੁਕਾਬਲਾ,
(ੳ) ਸੱਭੋ ਸੈਨਾ ਮਾਰੀ ਪਲ ਵਿਚ ਦਾਨਵੀ,
(ੲ) ਦੁਰਗਾ, ਦਾਨੋਂ ਮਾਰੇ ਰੋਹ ਬਢਾਇਕੈ,
(ਸ) ਸਿਰ ਵਿਚਿ ਤੇਗ ਵਗਾਈ ਸ੍ਰਣਵਤ ਬੀਜ ਦੇ.

(੩੭) ਚੋਬਾਂ ਨੇ ਨਗਾਰਿਆਂ ਦਾ ਸ਼ਬਦ ਉਠਾਇਆ, ਫੌਜਾਂ ਦਾ ਟਾਕਰਾ ਹੋਯਾ,
(ੳ) ਪਲ ਵਿਚ ਦੈਂਤਾਂ ਦੀ ਫੌਜ ਮਾਰ ਸੁੱਟੀ,
(ੲ) ਦੁਰਗਾ ਨੇ ਵਡਾ ਕ੍ਰੋਧ ਕਰਕੇ ਦਾਨਵ ਮਾਰੇ,
(ਸ) ਅਤੇ ਰਕਤ ਬੀਜ ਦੇ ਸਿਰ ਤੇ ਤਲਵਾਰ ਵਾਹੀ.

(੩੮) ਅਗਣਿਤ ਦਾਨੋ ਭਾਰੇ ਹੋਏ ਲੋਹੂਆਂ,
(ੳ) ਜੋਧੇ ਜੇਡ ਮੁਨਾਰੇ ਅੰਦਰਿ ਖੇਤ ਦੈ,
(ੲ) ਦੁਰਗਾ ਨੋ ਲਲਕਾਰੇ ਆਵਨ ਸਾਮਣੇ,
(ਸ) ਦੁਰਗਾ ਸਭ ਸੰਘਾਰੇ ਰਾਖਸ ਆਂਵਦੇ,
(ਹ) ਰੱਤੂ ਦੇ ਪਰਨਾਲੇ ਤਿਨ ਤੇ ਭੁਇ ਪਏ,
(ਕ) ਉਠੇ ਕਾਰਣਿਆਰੇ ਰਾਖਸ ਹੜਹੜਾਇ.

(੩੮) ਰਕਤਬੀਜ ਦੇ ਲਹੂ ਤੇ ਬੇਸ਼ੁਮਾਰ ਕੱਦਾਵਰ ਰਾਖਸ਼ ਪੈਦਾ ਹੋਗਏ,
(ੳ) ਮੁਨਾਰਿਆਂ ਜੇਹੇ ਯੋਧੇ ਖੇਤ ਦੇ ਅੰਦਰ,
(ੲ) ਦੇਵੀ ਨੂੰ ਲਲਕਾਰ ਕੇ ਸਾਮ੍ਹਣੇ ਆਏ,
(ਸ) ਦੇਵੀ ਨੇ ਹੱਲਾ ਕਰਦੇ ਹੋਏ ਸਾਰੇ ਰਾਖਸ਼ ਮਾਰੇ,
(ਹ) ਉਨ੍ਹਾਂ ਦੇ ਸਰੀਰਾਂ ਤੋਂ ਲਹੂ ਦੇ ਪਰਨਾਲੇ ਜ਼ਮੀਨ ਤੇ ਵਗ ਪਏ,
(ਕ) ਜਿਨ੍ਹਾਂ ਤੋਂ ਅੱਟ-ਹਾਸ ਕਰਦੇ ਹੋਏ ਜੰਗਾਵਰਾਂ* ਰਾਖਸ਼ ਉਠ ਖੜੇ ਹੋਏ.

---

*ਕਾਰ ਫਾਰਸੀ ਸ਼ਬਦ ਹੈ, ਜਿਸ ਦਾ ਅਰਥ ਹੈ ਜੰਗ, ਕਾਰਣਿਆਰਾ (ਜੰਗ ਕਰਨ ਵਾਲਾ)

(੩੯) ਧੱਗਾਂ ਸੰਗਲੀਆਲੀਂ ਸੰਘਰ ਵਾਇਆ,
(ਅ) ਬਰਛੀ ਬੰਬਲਿਆਲੀਂ ਸੂਰੇ ਸੰਘਰੇ,
(ੲ) ਭੇੜ ਮਚਿਆ ਬੀਰਾਲੀ ਦੁਰਗਾ ਦਾਨਵੀਂ,
(ਸ) ਮਾਰ ਮਚੀ ਮੁਹਰਾਲੀ ਅੰਦਰਿ ਖੇਤ ਦੈ,
(ਹ) ਜਣੁ ਨਟ ਲੱਥੇ ਛਾਲੀਂ ਢੋਲ ਬਜਾਇਕੈ,
(ਕ) ਰੋਹੂ ਫਾਥੀ ਜਾਲੀ ਲੋਥੀਂ ਜਮਧੜੀ,
(ਖ) ਘਣ ਵਿਚਿ ਜਿਉ ਛੰਛਾਲੀ ਤੇਗਾਂ ਹੱਸੀਆਂ,
(ਗ) ਘੁਮਰਆਰਿ ਸਿਆਲੀ ਬਣੀਆਂ ਕੇਜਮਾਂ.

(੩੯) ਜ਼ੰਜੀਰਦਾਰ ਨੌਬਤਾਂ ਨੇ ਜੰਗ ਦਾ ਖੇਤ ਆਵਾਜ਼ ਨਾਲ ਭਰ ਦਿੱਤਾ,
(ਅ) ਬੰਬਲਾਂ ਵਾਲੀਆਂ ਬਰਛੀਆਂ* ਨੇ ਸੂਰਮੇ ਸੰਘਾਰ ਕੀਤੇ(ਮਾਰ ਸੁੱਟੇ)
(ੲ) ਦੁਰਗਾ ਅਤੇ ਦਾਨਵਾਂ ਦਾ ਸੂਰਵੀਰਾਂ ਵਾਲਾ ਜੰਗ ਮੱਚਿਆ,
(ਸ) ਰਣ ਭੂਮ ਵਿਚ ਔਵਲ ਦਰਜੇ ਦੀ ** ਵੱਢ ਟੁੱਕ ਹੋਣ ਲੱਗੀ,
(ਹ) ਜਾਣੀਓ ਢੋਲ ਵਜਾਕੇ ਨਟ ਛਾਲੀਂ ਉਤਰੇ ਹਨ,
(ਕ) ਲੋਥਾਂ, ਕਟਾਰਾਂ ਦੀਆਂ ਮਾਰੀਆਂ ਇਉਂ ਤੜਫਦੀਆਂ ਹਨ. ਜਿਵੇਂ ਜਾਲ ਵਿਚ ਫਸੀ ਮੱਛੀ,*
(ਖ) ਤਲਵਾਰਾਂ ਅਜੇਹੀਆਂ ਚਮਕੀਆਂ ਮਾਨੋ ਬੱਦਲ ਵਿਚ ਬਿਜਲੀ ***ਲਸਕਦੀ ਹੈ,
(ਗ) ਤਲਵਾਰਾਂ ਅਜੇਹੀਆਂ ਫਬ ਰਹੀਆਂ ਹਨ ਮਾਨੋ ਸਿਆਲ ਦੀ ਧੁੰਦ ਨੇ ਅਸਮਾਨ ਢਕ ਲਿਆ ਹੈ#

---

* ਯੋਧੇ, ਬਰਛੀਆਂ ਨਾਲ ਰੇਸ਼ਮੀ ਅਤੇ ਜ਼ਰੀਦਾਰ ਝਾਲਰ ਫੁੰਮਣ ਸ਼ੋਭਾ ਲਈ ਬੰਨ ਲੈਂਦੇ ਸਨ.

** ਮੁਹਰਾਲੀ ਔਵਲ ਦਰਜੇ ਦੀ,

* ਰੋਹੂ ਮੱਛੀ ਦੀ ਇਕ ਖਾਸ ਜਾਤਿ ਹੈ, ਪਰ ਇਥੇ ਮਛੀ ਮਾਤ੍ਰ ਦਾ ਬੋਧਕ ਹੈ

*** ਛੰਛਾਲੀ ਸ਼ਬਦ ਸੰਸਕ੍ਰਿਤ ਚੰਚਲਾ ਹੈ,

ਕਜਮ ਤਲਵਾਰਾਂ ਨੇ ਅਸਮਾਨ ਇਉਂ ਢਕ ਲਿਆ ਹੈ ਮਾਨੋ ਸਿਆਲ ਦੀ ਘੁਮਰਆਰਿ ਘਰਮਵਾਰਿ ਧੁੰਦ ਹੈ। ਸੂਰਜ ਦੀ ਕਿਰਣਾ ਦੀ ਗਰਮੀ ਤੋਂ ਜੋ ਭਾਫ ਉਡਦੀ ਹੈ, ਸਰਦੀ ਦੇ ਪ੍ਰਭਾਵ ਉਹ ਜੰਮਕੇ ਧੁੰਦ ਬਣ ਜਾਂਦੀ ਹੈ.

(੪੦)ਧੱਗਾਂ ਸੂਲ ਬਜਾਈਆਂ ਦਲਾਂ ਮੁਕਾਬਲਾ,
(ਅ) ਧੂਹ ਮਿਆਨੋ ਲਈ ਜੁਆਨੀ ਸੂਰਮੀ,
(ੲ) ਸ੍ਰੋਣਵਤ ਬੀਜ ਵਧਾਈਆਂ ਅਗਿਣਤਸੂਰਤਾਂ,
(ਸ) ਦੁਰਗਾ ਸੌਹੇਂ ਆਈਆਂ ਰੋਹ ਬਢਾਇਕੈ,
(ਹ) ਸਭਨੀ ਆਣਿ ਵਗਾਈਆਂ ਤੇਗਾਂ ਧੂਹਿਕੈ,
(ਕ) ਦੁਰਗਾ ਸਭ ਬਚਾਈਆਂ ਢਾਲ ਸੰਭਾਲਕੈ,
(ਖ) ਦੁਰਗਾ ਆਪ ਚਲਾਈਆਂ ਤਕਿ ਤਕਿ ਦਾਨਵੀ.

(੪੦) ਸੂਲ (ਡੰਡਿਆਂ) ਨਾਲ ਨੌਬਤਾਂ ਬਜਾਈਆਂ, ਦਲਾਂ ਦਾ ਭੇੜ ਹੋਇਆ,
(ਅ) ਜੁਆਨ ਸੂਰਮਿਆਂ ਨੇ ਮਿਆਨੋ ਤਲਵਾਰਾਂ ਸੂਤ ਲਈਆਂ,
(ੲ) ਰਕਤ ਬੀਜ ਨੇ ਬੇਸ਼ੁਮਾਰ ਸ਼ਕਲਾਂ ਵਧਾ ਲਈਆਂ,
(ਸ) ਜੋ ਕ੍ਰੋਧ ਵਧਾਕੇ ਦੇਵੀ ਦੇ ਸਾਮ੍ਹਣੇ ਆਈਆਂ,
(ਹ) ਅਰ ਉਨ੍ਹਾਂ ਸਾਰੀਆਂ ਸੂਰਤਾਂ ਨੇ ਮਿਆਨੋ ਖਿਚਕੇ ਤਲਵਾਰਾਂ ਦੇਵੀ ਉਤੇ ਵਾਹੀਆਂ,
(ਕ) ਦੇਵੀ ਨੇ ਢਾਲ ਲੈਕੇ ਸਭ ਤਲਵਾਰਾਂ ਆਪਣੇ ਅੰਗ ਲਗਣੋਂ ਬਚਾਈਆਂ,
(ਖ) ਫੇਰ ਦੇਵੀ ਨੇ ਜਾਚ ਜਾਚਕੇ ਆਪਨੀਆਂ ਤਲਵਾਰਾਂ ਚਲਾਈਆਂ.

(ਗ) ਲੋਹੂ ਨਾਲ ਡੁਬਾਈਆਂ ਤੇਗਾਂ ਨੰਗੀਆਂ,

(ਘ) ਸਾਰ ਸੁਤੀ ਜਣੁ ਨ੍ਹਾਈਆਂ ਮਿਲਕੈ ਦੇਵੀਆਂ,

(ਙ) ਸੱਭੇ ਮਾਰ ਗਿਰਾਈਆਂ ਅੰਦਰਿ ਖੇਤ ਦੈ,

(ਚ) ਤਿਦੂੰ ਫੇਰਿ ਸਵਾਈਆਂ ਹੋਈਆਂ ਸੂਰਤਾਂ,

(ਗ) ਅਰ ਨੰਗੀਆਂ ਤਲਵਾਰਾਂ ਲਹੂ ਵਿਚ ਡੋਬੀਆਂ,

(ਘ) ਮਾਨੋ ਦੇਵਤਿਆਂ ਦੀਆਂ ਇਸਤ੍ਰੀਆਂ ਮਿਲਕੇ ਸੁਰਸ੍ਵਤੀ ਨਦੀ ਵਿਚ ਨ੍ਹਾਤੀਆਂ ਹਨ,*

(ਙ) ਰਕਤਬੀਜ ਦੀਆਂ ਸਾਰੀਆਂ ਮੂਰਤਾਂ ਖੇਤ ਵਿੱਚ ਮਾਰਕੇ ਸੁੱਟ ਦਿਤੀਆਂ,

(ਚ) ਉਨ੍ਹਾਂ ਤੋਂ ਫੇਰ ਸਵਾਈਆਂ ਸ਼ਕਲਾਂ ਪੈਦਾ ਹੋਗਈਆਂ,

---

* ਸਰਸਵਤੀ ਦਾ ਪਾਣੀ ਲਾਲ ਹੈ ਇਸ ਲਈ ਲਹੂ ਨਾਲ ਤੁਲਨਾ ਦਿਤੀ ਹੈ।

(੪੧) ਸੂਰੀ ਸੰਘਰ ਰਚਿਆ ਢੋਲ ਨਗਾਰੇ ਵਾਇਕੈ,
(ੲ) ਚੰਡ ਚਿਤਾਰੀ ਕਾਲਿਕਾ ਮਨਿ ਬਹਿਲਾ ਰੋਸ ਬਢਾਇਕੈ,
(ੲ) ਨਿਕਲੀ ਮੱਥਾ ਫੋੜਿਕੈ ਜਣੁ ਫਤੇ ਨੀਸਾਣ ਬਜਾਇਕੈ,
(ਸ) ਜਾਗ ਸੁ ਜੰਮੀ ਜੁੱਧ ਨੂੰ ਜਰਵਾਣਾ ਜਣੁ ਮਰੜਾਇਕੈ,
(ਹ) ਦਲ ਵਿਚਿ ਘੇਰਾ ਘੱਤਿਆ ਜਣੁ ਸੀਂਹ ਤੁਰਿਆ ਗਣਣਾਇਕੈ,
(ਕ) ਆਪ ਵਿਸੂਲਾ ਹੋਇਆ ਤਿਹੁ ਲੋਕਾਂ ਤੇ ਖੁਣਸਾਇਕੈ,

(੪੧) ਸੂਰਮਿਆਂ ਨੇ ਸੰਖ ਵਜਾਕੇ ਜੰਗ ਛੇੜਿਆ,
(ਅ) ਚੰਡੀ ਨੇ ਮਨ ਵਿਚ ਵੱਡਾ ਕ੍ਰੋਧ ਕਰਕੇ ਕਾਲਿਕਾ ਨੂੰ ਸਹਾਇਤਾ ਲਈ ਯਾਦ ਕੀਤਾ,
(ੲ) ਦੁਰਗਾ ਦਾ ਮੱਥਾ ਪਾੜਕੇ ਕਾਲਿਕਾ ਅਜੇਹੇ ਸ਼ਬਦ ਨਾਲ ਬਾਹਰ ਆਈ ਮਾਨੋ ਫਤੇ ਦਾ ਨਗਾਰਾ ਬੱਜਿਆ ਹੈ,
(ਸ) ਜੁੱਧ ਕਰਨ ਲਈ ਜਾਗ (ਅਗਨਿ ਰੂਪ) ਉਪਜੀ ਜਿਵੇਂ ਵੀਰਭੱਦ੍ਰ(ਜਰਵਾਣਾ) ਸ਼ਿਵ (ਮ੍ਰਿੜ) ਤੋਂ ਪੈਦਾ ਹੋਇਆ ਹੈ,
(ਹ) ਕਾਲੀ ਨੇ ਜੰਗ ਦਾ ਘੇਰਾ ਪਾ ਲਿਆ, ਜਾਣੀਓਂ ਸ਼ੇਰ ਗਰਜਦਾ ਹੋਇਆ ਤੁਰਿਆ ਹੈ,
(ਕ) ਰਕਤ ਬੀਜ ਕ੍ਰੋਧ ਕਰਕੇ ਆਪ ਹੀ ਤਿੰਨ ਲੋਕਾਂ ਤੇ ਦੁਖਦਾਈ ਕੌੜਾ ਹੋਗਿਆ, ਅਰਥਾਤ ਕਾਲੀ ਨੂੰ ਪੈਦਾ ਕਰਨ ਦਾ ਕਾਰਣ ਬਣਿਆ,

(ਖ) ਰੋਹ ਸਿਧਾਈਆ ਚਕ੍ਰ-ਪਾਣ ਕਰਿ ਨੰਦਾ ਖੜਗ ਉਠਾਇਕੈ,
(ਗ) ਅੱਗੇ ਰਾਖਸ ਬੈਠੇ ਰੋਹਲੇ ਤੀਰੀਂ ਤੇਗੀਂ ਛਹਬਰ ਲਾਇਕੈ,
(ਘ) ਪਕੜ ਪਛਾੜੇ ਰਾਖਸਾਂ ਦਲ ਦੈਤਾਂ ਅੰਦਰਿ ਜਾਇਕੈ,
(ਙ) ਬਹੁ ਕੇਸੀਂ ਪਕੜ ਪਛਾੜਿਅਨਿ ਤਿਨ ਅੰਦਰਿ ਧੂਮ ਰਚਾਇਕੈ,
(ਚ) ਬਡੇ ਬਡੇ ਚੁਣਿ ਸੂਰਮੇ ਗਹਿ ਕੋਟੀ ਦਏ ਚਲਾ-ਇਕੈ
(ਛ) ਰਣਿ ਕਾਲੀ ਗੁੱਸਾ ਖਾਇਕੈ.

(ਖ) ਨੰਦਾ (ਦੁਰਗਾ) ਕ੍ਰੋਧ ਕਰਕੇ ਚਕ੍ਰ ਹੱਥ ਲੈਕੇ ਅਤੇ ਤਲਵਾਰ ਉਭਾਰਕੇ ਰਾਖਸ਼ਾਂ ਦੇ ਅੱਗੇ ਵਧੀ,
(ਗ) ਅੱਗੋਂ ਕ੍ਰੋਧੀ ਰਾਖਸ਼ ਤੀਰਾਂ ਤਲਵਾਰਾਂ ਦੀ ਬੁਛਾੜ ਲਾ ਬੈਠੇ,
(ਘ) ਕਾਲੀ ਨੇ ਰਾਖਸ਼ਾਂ ਦੀ ਫੌਜ ਵਿਚ ਵੜਕੇ ਫੜਕੇ ਦੈਤ ਪਟਕਾ ਦਿੱਤੇ,
(ਙ) ਬਹੁਤੇ ਕੇਸਾਂ ਤੋਂ ਫੜਕੇ ਪਛਾੜ ਦਿੱਤੇ ਅਰ ਉਨ੍ਹਾਂ ਅੰਦਰ ਧੁੰਮ ਮਚਾ ਦਿੱਤੀ,
(ਚ) ਵਡੇ ਵਡੇ ਸੂਰਮੇ ਕਮਾਣ ਦੇ ਗੋਸ਼ੇ (ਕੋਟੀ) ਨਾਲ ਫੜਕੇ ਵਗਾਹ ਸੁੱਟੇ,
(ਛ) ਰਣ ਵਿਚ ਕਾਲੀ ਨੇ ਕ੍ਰੋਧ ਕਰਕੇ.

(੪੨) ਦੁਹਾਂ ਕੰਧਾਰਾਂ ਮੁਹਿ ਜੁੜੇ ਅਣੀਆਂ ਰੱਚੋਈਆਂ,
(ਅ) ਧੂਹਿ ਕ੍ਰਿਪਾਣਾ ਤਿੱਖੀਆਂ ਨਾਲਿ ਲੋਹੂ ਧੋਈਆਂ,
(ੲ) ਹੂਰਾਂ ਸ੍ਰਣਵਤ ਬੀਜ ਨੂੰ ਘਤਿ ਘੇਰਿ ਖਲੋਈਆਂ,
(ਸ) ਲਾੜਾ ਦੇਖਨ ਲਾੜੀਆਂ ਚਉਗਿਰਦੇ ਹੋਈਆਂ.

(੪੨) ਬਾਕਾਇਦਾ ਸਜੀਆਂ ਦੋਹਾਂ ਫੌਜਾਂ ਦੇ ਮੂੰਹ ਜੁਟ ਗਏ, ਨੇਜ਼ੇ ਤੀਰਾਂ ਦੀਆਂ ਨੋਕਾਂ (ਅਣੀਆਂ) ਜਿਸਮਾਂ ਵਿੱਚ ਰਚ (ਧਸ) ਗਈਆਂ,
(ਅ) ਤਿੱਖੀਆਂ ਤਲਵਾਰਾਂ ਮਿਆਨੋ ਧੂਹਕੇ ਲਹੂ ਨਾਲ ਨਵ੍ਹਾ ਦਿੱਤੀਆਂ,
(ੲ) ਰਕਤਬੀਜ ਨੂੰ ਵਰਣ ਲਈ ਅਪਸਰਾ ਘੇਰਾ ਘੱਤਕੇ ਖਲੋ ਗਈਆਂ,
(ਸ) ਮਾਨੋ ਲਾੜੇ ਨੂੰ ਵੇਖਣ ਲਈ ਲਾੜੀਆਂ ਚੁਫੇਰੇ ਆ ਜਮਾ ਹੋਈਆਂ ਹਨ.

(੪੩) ਚੋਬੀ ਧਉਸਾਂ ਪਾਈਆਂ ਦਲਾਂ ਮੁਕਾਬਲਾ,
(ਅ) ਦਸਤੀਂ ਧੂਹਿ ਨਚਾਈਆਂ ਤੇਗਾਂ ਨੰਗੀਆਂ,
(ੲ) ਸੂਰਿਆਂ ਦੇ ਤਨ ਲਾਈਆਂ ਗੋਸਤਗਿਧੀਆਂ,
(ਸ) ਬਿਧਣਰਾਤੀ ਆਈਆਂ ਮਰਦਾਂ ਘੋੜਿਆਂ,
(ਹ) ਜੋਗਣੀਆਂ ਮਿਲਿ ਧਾਈਆਂ ਲੋਹੂ ਭੱਖਣਾ,
(ਕ) ਫਉਜਾਂ ਮਾਰਿ ਹਟਾਈਆਂ ਦੇਵਾਂ ਦਾਨਵਾਂ,
(ਖ) ਭਜਦੀਂ ਕਥਾ ਸੁਣਾਈਆਂ ਰਾਜੇ ਸੁੰਭ ਥੈ,-
(ਗ) 'ਭੁਈਂ ਨ ਪਉਣੈ ਪਾਈਆਂ ਬੂੰਦਾਂ ਰਕਤ ਦੀਆਂ,
(ਘ) ਕਾਲੀ ਖੇਤਿ ਖਪਾਈਆਂ ਸੱਭੇ ਸੂਰਤਾਂ,
(ਙ) ਬਹੁਤੀਂ ਸਿਰੀਂ ਬਿਹਾਈਆਂ ਘੜੀਆਂ ਕਾਲ ਕੀਆਂ,
(ਚ) ਜਾਣਿ ਨ ਜਾਏ ਮਾਈਆਂ ਜੂਝੇ ਸੂਰਮੇਂ'

(੪੩) ਨੌਬਤਾਂ ਤੇ ਚੋਬਾਂ ਪਈਆਂ ਫੌਜਾਂ ਦਾ ਟਾਕਰਾ ਹੋਇਆ,
(ਅ) ਮਿਆਨੋਂ ਧੂਹਕੇ ਨੰਗੀਆਂ ਤਲਵਾਰਾਂ ਹੱਥਾਂ ਵਿਚ ਨਚਾਈਆਂ, ਅਰ-
(ੲ) ਮਾਸ ਖਾਣ ਗਿੱਝੀਆਂ ਹੋਈਆਂ ਯੋਧਿਆਂ ਦੇ ਸਰੀਰੀਂ ਲਾਈਆਂ,
(ਸ) ਮਰਦਾਂ ਤੇ ਘੋੜਿਆਂ ਨੂੰ ਦੁਖਦਾਈ ਰਾਤਾਂ ਪੈ ਗਈਆਂ,*
(ਹ) ਲਹੂ ਪੀਣ ਲਈ ਯੋਗਨੀਆਂ ਨੱਠੀਆਂ,
(ਕ) ਦੁਰਗਾ (ਦੇਵੀ) ਨੇ ਦੈਂਤਾਂ ਦੀਆਂ ਫੌਜਾਂ ਮਾਰਕੇ ਪਿਛੇ ਹਟਾ ਦਿੱਤੀਆਂ,
(ਖ) ਭਗੌੜਿਆਂ ਨੇ ਰਾਜੇ ਸੁੰਭ ਪਾਸ ਜੰਗ ਦੀਆਂ ਕਹਾਣੀਆਂ ਜਾ ਸੁਣਾਈਆਂ,
(ਗ) ਕਿ 'ਰਕਤਬੀਜ ਦੇ ਲਹੂ ਦੀਆਂ ਬੂੰਦਾਂ ਜ਼ਮੀਨ ਤੇ ਡਿੱਗ ਹੀ ਨਾ ਪਾਈਆਂ,
(ਘ) ਕਾਲੀ ਨੇ ਸਾਰੀਆਂ ਦੇਹਾਂ ਖੇਤ ਵਿਚ ਨਾਸ ਕਰ ਦਿੱਤੀਆਂ
(ਙ) ਬਹੁਤਿਆਂ ਦੇ ਸਿਰਾਂ ਤੇ ਮੌਤ ਦਾ ਵੇਲਾ ਆ ਬੀਤਿਆ,
(ਚ) ਸੂਰਮੇ ਯੁੱਧ ਕਰਕੇ ਇਉਂ ਮਰ ਮਿਟੇ, ਜਾਣੀਓ ਮਾਂਵਾਂ ਨੇ ਜਣੇ ਨਹੀਂ ਸਨ.

---

* ਵੈਧਵਯ ਰਾਤਿ ਦਾ ਰੂਪਾਂਤਰ ਬਿਧਣਰਾਤ ਹੈ, ਇਸ ਦਾ ਅਰਥ ਹੈ ਜਿਸ ਰਾਤ ਇਸਤ੍ਰੀ ਦਾ ਪਤੀ ਮਰ ਜਾਵੇ, ਅਜੇਹੀ ਰਾਤ ਵਡੇ ਦੁਖ ਵਿਚ ਬੀਤਦੀ ਹੈ, ਇਸਦਾ ਸਾਧਾਰਣ ਅਰਥ ਹੈ ਮੁਸੀਬਤ ਦਾ ਸਮਾਂ ਵਿਪਦਾ ਦੀ ਰਾਤ.

(੪੪) ਸੁੰਭ ਸੁਣੀ ਕਰਹਾਲੀ ਸ੍ਰਣਵਤਬੀਜ ਦੀ,
(ਅ) ਰਣ ਵਿਚ ਕਿਨੈ ਨ ਝਾਲੀ ਦੁਰਗਾ ਆਂਵਦੀ,
(ੲ) ਬਹੁਤੇ ਬੀਰ ਜਟਾਲੀ ਉਠੇ ਆਖਿਕੈ,
(ਸ) 'ਚੋਟਾਂ ਪਾਨ ਤਬਾਲੀ ਜਾਸਾਂ ਜੁਧ ਨੂੰ'
(ਹ) ਥਰਿ ਥਰਿ ਪ੍ਰਿਥਮੀ ਚਾਲੀ ਦਲਾਂ ਚੜੰਦਿਆਂ,
(ਕ) ਨਾਉ ਜਿਵੇਹੈ ਹਾਲੀ ਸਹਦਰਿਆਉ ਵਿਚਿ,
(ਖ) ਧੂੜਿ ਉਤਾਹਾ ਘਾਲੀ ਛੜੀ ਤੁਰੰਗਮਾਂ,
(ਗ) ਜਾਣਿ ਪੁਕਾਰੂ ਚਾਲੀ ਧਰਤੀ ਇੰਦ੍ਰ ਥੈ.

(੪੪) ਸੁੰਭ ਨੇ ਭਗੌੜਿਆਂ ਦੇ ਮੂੰਹ ਤੋਂ ਰਕਤਬੀਜ ਬਾਬਤ ਵਿਲਾਪ ਦੀ ਕਥਾ ਸੁਣੀ,
(ਅ) ਕਿ–ਜੰਗ ਵਿਚ ਆਉਂਦੀ ਦੁਰਗਾ ਕਿਸੇ ਨੇ ਨਾ ਝੱਲੀ,
(ੲ) ਇਸ ਪੁਰ, ਬਹੁਤੇ ਜਟਲੀ(ਸ਼ੇਖੀ ਮਾਰਨ ਵਾਲੇ) ਯੋਧੇ ਕਹਿ ਉਠੇ,
(ਸ) ਕਿ–'ਤਬਲ ਬਾਜ ਨਗਾਰਿਆਂ ਤੇ ਫੌਰਨ ਚੋਬਾਂ ਦੇਣ, ਅਸੀਂ ਜੰਗ ਜਾਣ ਲਈ ਤਿਆਰ ਹਾਂ.
(ਹ) ਫੌਜਾਂ ਦੇ ਤੁਰਨ ਤੇ ਜ਼ਮੀਨ ਥਰ ਥਰ ਕੰਬਣ ਲੱਗੀ,
(ਕ) ਜਿਵੇਂ ਭਰੇ ਦਰਿਆ ਵਿਚ ਬੇੜੀ ਹਿੱਲਦੀ ਹੈ,
(ਖ) ਘੋੜਿਆਂ ਦੇ ਪੌੜਾਂ ਨੇ ਅਕਾਸ਼ ਵਲ ਗਰਦ ਚੜ੍ਹਾ ਦਿਤੀ,
(ਗ) ਇਹ ਗਰਦ ਨਹੀਂ, ਮਾਨੋ ਪ੍ਰਿਥਵੀ ਇੰਦ੍ਰ ਪਾਸ ਫਰਿਆਦੀ ਚੱਲੀ ਹੈ;

(੪੫) ਆਹਰ ਮਿਲਿਆ ਆਹਰੀਆਂ ਸੈਣ ਸੂਰਿਆਂ ਸਾਜੀ,
(ਅ) ਚਲੇ ਸਉਹੇਂ ਦੁਰਗਸਾਹ ਜਣੁ ਕਾਬੈ ਹਾਜੀ,
(ੲ) ਤੀਰੀ ਤੇਗੀਂ ਜਮਧੜੀਂ ਰਣਿ ਵੰਡੀ ਭਾਜੀ,
(ਸ) ਇਕਿ ਘਾਇਲ ਘੂਮਨ ਸੂਰਮੇ ਜਣੁ ਮਕਤਬ ਕਾਜੀ,
(ਹ) ਇਕਿ ਬੀਰ ਪਰੋਤੇ ਬਰਛੀਏਂ ਜਿਉ ਝੁਕ ਪਉਨ ਨਿਵਾਜੀ,
(ਕ) ਇਕਿ ਦੁਰਗਾ ਸਉਹੇ ਖੁਨਸਕੇ ਖੁਨਸਾਇਨ ਤਾਜੀ,
(ਖ) ਇਕਿ ਧਾਵਨ ਦੁਰਗਾ ਸਾਮਣੇ ਜਿਉ ਭੁਖਿਆਏ ਪਾਜੀ,
(ਗ) ਕਦੇ ਨ ਰੱਜੇ ਜੁੱਝ ਤੇ ਰਜਿ ਹੋਏ ਰਾਜੀ.

(੪੫) ਉਦੱਮੀਆਂ ਨੂੰ ਜੰਗ ਦਾ ਆਹਰ ਮਿਲ ਗਿਆ, ਯੋਧਿਆਂ ਨੇ ਬਾਕਾਇਦਾ ਫੌਜ ਸਜਾਈ,
(ਅ) ਦੁਰਗਾ ਮਹਾਰਾਣੀ ਦੇ ਸਾਮ੍ਹਣੇ ਹੋਣ ਲਈ ਤੁਰ ਪਏ, ਜਾਣੀਓਂ ਹਾਜੀ ਇਕਠੇ ਹੋਕੇ ਕਾਬੇ* ਨੂੰ ਜਾ ਰਹੇ ਹਨ,
(ੲ) ਤੀਰਾਂ, ਤਲਵਾਰਾਂ, ਕਟਾਰਾਂ ਨਾਲ ਜੰਗ ਵਿਚ ਭਾਜੀ ਵੰਡੀ,
(ਸ) ਕਈ ਫੱਟੜ ਇਉਂ ਝੂਮਦੇ ਹਨ, ਜਿਵੇਂ ਮਕਤਬ ਵਿੱਚ ਕਾਜ਼ੀ ਝੂਮਿਆ ਕਰਦੇ ਹਨ,**
(ਹ) ਕਈ ਯੋਧੇ ਬਰਛੀਆਂ ਦੇ ਪਰੋਤੇ ਇਉਂ ਝੁਕ ਗਏ, ਜਿਵੇਂ ਨਮਾਜ਼ੀ ਝੁਕਦੇ ਹਨ,
(ਕ) ਕਈ ਦੇਵੀ ਦੇ ਸਾਮ੍ਹਣੇ, ਖਿਝਕੇ ਆਪਣੇ ਘੋੜਿਆਂ ਨੂੰ ਅੱਗੇ ਵਧਣ ਲਈ ਤਾੜਦੇ ਹਨ***
(ਖ) ਕਈ ਦਿਲੇਰ, ਦੁਰਗਾ ਦੇ ਮੁਕਾਬਲੇ ਲਈ ਧਾਵਾ ਕਰਦੇ ਹਨ, ਜਿਵੇਂ ਭੁੱਖੇ ਕਮੀਨੇ ਲੋਕ ਖਾਣੇ ਤੇ ਟੁੱਟ ਪੈਂਦੇ ਹਨ,
(ਗ) ਜੋ ਯੁੱਧ ਕਰਕੇ ਕਦੀ ਰੱਜੇ ਨਹੀਂ ਸਨ, ਉਹ ਪੂਰੇ ਤ੍ਰਿਪਤ ਅਤੇ ਖੁਸ਼ ਹੋ ਗਏ.

---

* ਮੱਕੇ ਸ਼ਹਿਰ, ਅਰਬ ਵਿਚ ਇਹ ਮੁਸਲਮਾਨਾਂ ਦਾ ਧਰਮ ਮੰਦਿਰ ਹੈ.

** ਮਕਤਬਾਂ ਦੇ ਪੁਰਾਣੇ ਉਸਤਾਦ ਪੜ੍ਹਨ ਪੜ੍ਹਾਨ ਵੇਲੇ ਬਹੁਤ ਝੂਮ ਝੂਮ ਕੇ ਪਾਠ ਕੀਤਾ ਕਰਦੇ ਸਨ,

*** ਖੁਣਸ ਦਾ ਮੂਲ ਖਿੰਨ ਮਨਸ ਹੈ, ਇਸਦੇ ਅਰਥ ਹਨ. ਦਿਲ ਢਹਿਣਾ, ਖਿਝਣਾ, ਚਿੜ੍ਹਨਾ ਆਦਿ

(੪੯)ਬੱਜੇ ਸੰਗਲੀਆਲੇ ਸੰਘਰ ਡੋਹਰੇ,
(ਅ) ਡਹੇ ਜੁ ਖੇਤ ਜਟਾਲੇ ਹਾਠਾਂ ਜੋੜਿਕੈ,
(ੲ) ਨੇਜੇ ਬੰਬਲੀਆਲੇ ਦਿਸਨ ਓਰੜੇ,
(ਸ) ਚੱਲੇ ਜਾਣੁ ਜਟਾਲੇ ਨਾਵਣ ਗੰਗ ਨੂੰ.

(੪੯) ਜ਼ੰਜੀਰਦਾਰ ਨਾਗਾਰੇ ਜੰਗ ਵਿਚ ਦੋਵੱਲੀ ਵੱਜੇ,
(ਅ) ਟੋਲੀਆਂ ਜੋੜਕੇ ਭਯਾਨਕ* ਦੈਂਤ ਖੇਤ ਵਿਚ ਮੰਡ ਗਏ,
(ੲ) ਝਾਲਰਾਂ ਵਾਲੇ ਨੇਜ਼ੇ ਉਮਡੇ ਇਉਂ ਨਜ਼ਰ ਪੈਂਦੇ ਹਨ,
(ਸ) ਜਾਣੀਓਂ ਜਟਾਧਾਰੀ, ਗੰਗਾ ਨਾਉਣ ਚਲੇ ਹਨ.

---

* ਜਟਾਲਾ ਸੰਸਕ੍ਰਿਤ "ਜਟਿਲ" ਸ਼ਬਦ ਹੈ ਇਸ ਦਾ ਅਰਥ ਹੈ ਜਟਾਵਾਲਾ, ਔਖਾ, ਕ੍ਰੂਰ, ਭਯਾਨਕ, ਸ਼ਿਵ, ਬ੍ਰਹਮਚਾਰੀ ਆਦਿ.

(੪੭) ਦੁਰਗਾ ਅਤੇ ਦਾਨਵੀ ਸੂਲ ਹੋਈਆਂ ਕੰਗਾਂ,
(ਅ) ਵਾਛੜ ਘੱਤੀ ਸੂਰਿਆਂ ਵਿਚਿ ਖੇਤ ਖਤੰਗਾਂ,
(ੲ) ਧੂਹਿ ਕ੍ਰਿਪਾਣਾਂ ਤਿੱਖੀਆਂ ਬਢ ਲਾਹਨਿ ਅੰਗਾਂ,
(ਸ) ਪਹਿਲਾਂ ਦਲਾਂ ਮਿਲੰਦਿਆਂ ਭੇੜ ਪਇਆ ਨਿਹੰਗਾਂ.

(੪੭) ਦੁਰਗਾ ਅਤੇ ਦੈਤਾਂ ਦੀਆਂ ਕਵਚਾਂ (ਕੰਗਾਂ)* ਵਿੰਨ੍ਹੀਆਂ ਗਈਆਂ,
(ਅ) ਖੇਤ ਵਿਚ ਸੂਰਮਿਆਂ ਨੇ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ,
(ੲ) ਤਿਖੀਆਂ ਤਲਵਾਰਾਂ ਧੂਹਕੇ ਅੰਗਾਂ ਨੂੰ ਵੱਢਕੇ ਅਲੱਗ ਕਰ ਦਿੰਦੇ ਹਨ,
(ਸ) ਫੌਜਾਂ ਦਾ ਟਾਕਰਾ ਹੋਣ ਪੁਰ ਪਹਿਲਾਂ ਨਿਰਭੈ ਯੋਧਿਆਂ** ਦਾ ਟਾਕਰਾ ਹੋਇਆ.

---

* ਡਿੰਗਲ ਬੋਲੀ (ਰਾਜਪੂਤਾਨੇ ਦੇ ਕਵੀਆਂ ਦੀ ਪੁਰਾਣੀ ਭਾਸ਼ਾ) ਵਿਚ ਕੰਗ ਦਾ ਅਰਥ ਕਵਚ (ਸੰਜੋਆ) ਹੈ.

** ਨਿਹੰਗ ਦਾ ਮੂਲ ਸੰਸਕ੍ਰਿਤ ਨਿ: ਸ਼ੰਕ ਹੈ, ਜਿਸ ਨੂੰ ਮਰਨ ਦੀ ਚਿੰਤਾ ਨਹੀਂ. ਫਾਰਸੀ ਵਿਚ ਨਿਹੰਗ ਦਾ ਅਰਥ ਹੈ- ਤਲਵਾਰ ਅਤੇ ਮਗਰਮੱਛ, ਡਿੰਗਲ ਵਿਚ ਨਿਹੰਗ ਦਾ ਅਰਥ ਘੋੜਾ ਹੈ.

(੪੮) ਓਰੜਿ ਫਉਜਾਂ ਆਈਆਂ ਬੀਰ ਚੜ੍ਹੇ ਕੰਧਾਰੀ,
(ਅ) ਸੜਕਿ ਮਿਆਨੋ ਕੱਢੀਆ ਤਿਖੀਆਂ ਤਰਵਾਰੀ,
(ੲ) ਕੜਕਿ ਉਠੇ ਰਣ ਮੱਚਿਆ ਵਡੇ ਹੰਕਾਰੀ,
(ਸ) ਸਿਰ ਧੜ ਬਾਹਾਂ ਗੈਨਲੇ ਫੁਲ ਜੇਹੇ ਬਾੜੀ,
(ਹ) ਜਾਪੇ ਕੱਟੇ ਬਾਢੀਆਂ ਰੁਖ ਚੰਦਨ ਆਰੀ.

(੪੮) ਉਮਡਕੇ ਫੌਜਾਂ ਆਈਆਂ, ਸਿਪਹਸਾਲਾਰ* ਜੰਗ ਲਈ ਚੜ੍ਹੇ,
(ਅ) ਸੜਾਕੇ ਨਾਲ ਤਿੱਖੀਆਂ ਤਲਵਾਰਾਂ ਮਿਆਨਾਂ ਤੋਂ ਕੱਢੀਆਂ,
(ੲ) ਵਡੇ ਹੰਕਾਰੀ ਗੱਜ ਉਠੇ ਅਤੇ ਜੰਗ ਮੱਚਿਆ,
(ਸ) ਸਿਰ ਧੜ ਅਤੇ ਬਾਹਾਂ ਦੇ ਟੋਟੇ ਲਹੂ ਭਿਜੇ ਇਉਂ ਜਾਪਦੇ ਹਨ, ਜਾਣੀਓਂ ਵਾੜੀ ਵਿੱਚ ਲਾਲ ਫੁੱਲ ਖਿੜੇ ਹਨ,
(ਹ) ਅਥਵਾ, ਲਾਲ ਚੰਨਣ ਦੇ ਬਿਰਛ ਆਰੀ ਨਾਲ ਤਖਾਣਾਂ ਨੇ ਕੱਟੇ ਹਨ.

---

* ਕੰਧਾਰ (ਮੁੰਧਾਵਾਰ) ਦਾ ਜੋ ਅਫਸਰ ਹੋਵੇ ਉਹ ਕੰਧਾਰੀ, ਅਰਥਾਤ ਸੈਨਾਪਤੀ, ਦੇਖੋ, ਪਉੜੀ ੭ ਦਾ ਫੁਟਨੋਟ.

(੪੯)ਦੁਹਾਂ ਕੰਧਾਰਾਂ ਮੁਹਿ ਜੁੜੇ ਜਾਂ ਸੱਟ ਪਈ ਖਰਵਾਰ ਕਉ,
(ਅ) ਤਕਿ ਤਕਿ ਕੈਬਰ ਦੁਰਗਸ਼ਾਹ ਤਕਿ ਮਾਰੇ ਭਲੇ ਜੁਝਾਰ ਕਉ,
(ੲ) ਪੈਦਲ ਮਾਰੇ ਹਾਥੀਆਂ ਸੰਗਿ ਰਥ ਗਿਰੇ ਅਸਵਾਰ ਕਉ,
(ਸ) ਸੋਹਨ ਸੰਜਾ ਬਾਗਤਾਂ ਜਣੁ ਲੱਗੇ ਫੁੱਲ ਅਨਾਰ ਕਉ,
(ਹ) ਗੁੱਸੇ ਆਈ ਕਾਲਿਕਾ ਹੱਥ ਸੱਜੇ ਲੈ ਤਰਵਾਰ ਕਉ,
(ਕ) ਏਦੂੰ ਪਾਰਉਂ ਓਤ ਪਾਰ ਹਰਿ ਨਾਕਸ ਕਈ ਹਜਾਰ ਕਉ,
(ਖ) ਜਿਣਿ ਇੱਕਾ ਰਹੀ ਕੰਧਾਰ ਕਉ,
(ਗ) ਸਦਰਹਮਤ ਤੇਰੇ ਵਾਰ ਕਉ!

(੪੯)ਜਦ ਖਰਵਾਰ ਤੇ ਚੋਬ ਪਈ, ਤਦ ਦੋਹਾਂ ਫੌਜਾਂ ਦਾ ਭੇੜ ਹੋਇਆ,
(ਅ) ਤਕਾ ਤਕਾਕੇ ਮਹਾਰਾਣੀ ਦੁਰਗਾ ਨੇ ਚੰਗੇ ਯੋਧਿਆਂ ਦਾ ਨਿਸ਼ਾਨਾ ਲੈਕੇ ਤੀਰ ਮਾਰੇ,
(ੲ) ਤੀਰਾਂ ਨੇ ਪੈਦਲ ਅਤੇ ਹਾਥੀਆਂ ਨੂੰ ਮਾਰਿਆ, ਨਾਲ ਹੀ ਰਥ ਅਤੇ ਅਸਵਾਰਾਂ ਨੂੰ ਡੇਗ ਦਿੱਤਾ,
(ਸ) ਸੰਜੋਇਆਂ ਨੂੰ ਵਿੰਨ੍ਹਕੇ ਤੀਰਾਂ ਦੀਆਂ ਬਾਗਤਾਂ ਇਉਂ ਸੋਭਾ ਦਿੰਦੀਆ ਹਨ, ਮਾਨੋ ਅਨਾਰ ਨੂੰ ਫੁੱਲ ਲੱਗੇ ਹਨ,*
(ਹ) ਦੁਰਗਾ (ਕਾਲਿਕਾ) ਸੱਜੇ ਹੱਥ ਤਲਵਾਰ ਲੈਕੇ ਕ੍ਰੋਧ ਵਿਚ ਆਈ,
(ਕ) ਜੰਗ ਦੇ ਇਕ ਪਾਸੇ ਤੋਂ ਦੂਜੇ ਪਾਸੇ ਤਕ ਕਈ ਹਜਾਰ ਰਾਖਸ ਨਾਸ਼ ਕਰ ਦਿੱਤੇ**
(ਖ) ਕੱਲੀ ਹੀ (ਦੁਰਗਾ) ਸਕੰਧਾਵਾਰ (ਫੌਜ) ਨੂੰ ਜਿੱਤ ਰਹੀ ਹੈ,
(ਘ) ਸਾਬਾਸ਼ ! *** ਤੇਰੇ ਵਾਰ ਨੂੰ.

---

*ਤੀਰ ਦੀ ਬਾਗਤ ਵਿਚੋਂ ਲਾਲ ਹੁੰਦੀ ਹੈ.

** ਕਈ ਖਿਆਲ ਕਰਦੇ ਹਨ ਕਿ ਅਸਲ ਪਾਠ ਸੀ- ''ਹਨ ਰਾਖਸ ਕਈ ਹਜਾਰ ਕਉ'', ਪਰ ਇਹ ਭੁੱਲ ਹੈ, ਇਹ ਸੰਸਕਿਰਤ ਨੈਕਸ (ਨੈਕਸੇਯ) ਸ਼ਬਦ ਹੈ,ਜਿਸ ਦਾ ਅਰਥ ਹੈ ਰਾਖਸ,

*** ਸਦ ਰਹਮਤ ਦਾ ਅਰਥ ਹੈ-ਸੌ ਕ੍ਰਿਪਾ ਭਾਵ ਵਾਹਗੁਰੂ ਦੀ ਅਨੰਤ ਕ੍ਰਿਪਾ ਹੋਵੇ ਮੁਹਾਵਰੇ ਵਿਚ ਵਾਹ ਸ਼ਬਾਸ਼ ਅਰਥ ਹੈ.

(੫੦) ਦੁਹਾਂ ਕੰਧਾਰਾਂ ਮੁਹਿ ਜੁੜੇ ਸੱਟ ਪਈ ਜਮਧਾਣ ਕਉ,
(ਅ) ਤਦ ਖਿੰਗ ਨਸੁੰਭ ਨਚਾਇਆ ਡਾਲਿ ਉਪੱਰਿ ਬਰਗੁਸਤਾਣ ਕਉ,
(ੲ) ਫੜੀ ਬਿਲੰਦ ਮੰਗਾਇਓਸ ਫੁਰਮਾਇਸਿ ਕਰਿ ਮੁਲਤਾਨ ਕਉ,
(ਸ) ਗੁਸੇ ਆਈ ਸਾਮਣੇ ਰਣਿ ਅੰਦਰਿ ਘੱਤਣ ਘਾਣ ਕਉ,
(ਹ) ਅੱਗੇ ਤੇਗ ਵਗਾਈ ਦੁਰਗਸ਼ਾਹ ਬਢਿ ਸੁੰਭਨ ਬਹੀ ਪਲਾਣ ਕਉ,

(੫੦) ਦੋਹਾਂ ਫੌਜਾਂ ਦਾ ਭੇੜ ਹੋਇਆ, ਜੁੜੂੰਤ ਨਗਾਰਿਆਂ ਤੇ ਚੋਬ ਲੱਗੀ,
(ਅ) ਉਸ ਵੇਲੇ ਨਿਸੁੰਭ ਨੇ ਕਵਚ ਪਹਿਨ ਕੇ ਨੁਕਰਾ ਘੋੜਾ* ਕੁਦਾਇਆ,
(ੲ) ਅਤੇ ਵੱਡਾ* ਧਨੁਖ ਮੰਗਵਾਇਆ, ਜੋ ਹੁਕਮ ਨਾਲ ਮੁਲਤਾਨੋ ਬਣਵਾਇਆ ਸੀ,
(ਸ) ਨਿਸੁੰਭ ਦੇ ਸਾਮ੍ਹਣੇ ਗੁੱਸੇ ਹੋਕੇ ਦੇਵੀ ਜੰਗ ਵਿਚ ਘਾਣ ਘੱਤਣ ਲਈ ਆਈ,
(ਹ) ਨਿਸੁੰਭ ਦੇ ਵਾਰ ਕਰਨ ਤੋਂ ਪਹਿਲਾਂ ਹੀ ਮਹਾਰਾਣੀ ਦੁਰਗਾ ਨੇ ਤਲਵਾਰ ਵਾਹ ਦਿੱਤੀ, ਜੋ ਨਿਸੁੰਭ ਨੂੰ ਵੱਢਕੇ ਕਾਠੀ ਵਿਚ ਜਾ ਵੱਜੀ.

---

* ਖਿੰਗ ਫਾਰਸੀ ਸ਼ਬਦ ਹੈ, ਜਿਸਦਾ ਅਰਥ ਨੁਕਰਾ ਘੋੜਾ ਹੈ ਬਰਗੁਸਤਾਨ ਭੀ ਫਾਰਸੀ ਹੈ ਜਿਸਦਾ ਅਰਥ ਘੋੜੇ ਦਾ ਕਵਚ ਹੈ * ਫੜੀ ਸਿੰਗ ਦਾ ਧਨੁਖ, ਜੋ ਸਿੰਗ ਅਤੇ ਤੂਤ ਦੀਆਂ ਫਟਾਂ (ਪਚਰਾਂ) ਤੋਂ ਬਣਦਾ ਹੈ, ਮੁਲਤਾਨ ਦੀ ਕਮਾਣ ਪ੍ਰਸਿੱਧ ਹੈ,

(ਕ) ਰਤਕੀ ਜਾਇਕੈ ਧਰਤ ਕਉ ਬੱਧਿ ਪਾਖਰ ਬਧਿ ਕਿਕਾਣ ਕਉ,

(ਖ) ਬੀਰ ਪਲਾਣੋ ਡਿੱਗਿਆ ਕਰਿ ਸਿਜਦਾ ਸੁੰਭ ਸੁਜਾਣ ਕਉ,

(ਗ) ਸ਼ਾਬਾਸ਼ ਸਲੋਣੇ 'ਖਾਨ' ਕਉ!

(ਘ) " ਸਦਾ ਸ਼ਾਬਾਸ਼ ਤੇਰੇ ਤਾਣ ਕਉ!

(ਙ) "ਤਾਰੀਫਾਂ ਪਾਨ ਚਬਾਨ ਕਉ!

(ਚ) 'ਸਦ ਰਹਮਤ ਕੈਫਾਂ ਖਾਣਿ ਕਉ!

(ਛ) ਸਦ ਰਹਮਤ ਤੁਰੇ ਨਚਾਣ ਕਉ!

(ਕ) ਅਰ ਘੋੜੇ ਦੇ ਕਵਚ (ਪੁਖਰ) ਅਤੇ ਘੋੜੇ ਨੂੰ ਵੱਢਕੇ ਜ਼ਮੀਨ ਤੇ ਜਾ ਰਤਕੀ,

(ਖ) ਨਿਸੁੰਭ ਵੀਰ, ਸੁੰਭ ਨੂੰ ਸਿਜਦਾ ਕਰਦਾ ਹੋਇਆ ਕਾਠੀ ਤੋਂ ਹੇਠ ਡਿੱਗਾ,

(ਗ) ਨਿਸੁੰਭ ਦੀ ਇਸ ਹਾਲਤ ਪੁਰ ਸੁੰਭ ਬੋਲ ਉਠਿਆ- 'ਤੇਰੇ (ਸੋਹਣੇ ਨੈਣਾ ਵਾਲੇ ਜੋਧੇ) ਕਬਾਬ ਖਾਣ-ਦੇ ਸ਼ਾਬਾਸ਼!

(ਘ) ਤੇਰੀ ਤਾਕਤ ਦੇ ਸ਼ਾਬਾਸ਼!

(ਙ) ਤੇਰੇ ਪਾਨ ਚੱਬਣ ਦੀਆਂ ਵਾਹ ਤਰੀਫਾਂ!

(ਚ) ਸ਼ਾਬਸ਼ ਤੇਰੇ ਸ਼ਰਾਬ ਪੀਣ ਦੇ!

(ਛ) ਵਾਹ ਵਾਹ ਤੇਰੇ ਘੋੜੇ ਕੁਦਾਉਣ ਦੇ!'

(੫੧) ਦੁਰਗਾ ਅਤੈ ਦਾਨਵੀ ਗਹ ਸੰਘਰਿ ਕੱਥੇ,
(ਅ) ਓਰੜ ਉਠੇ ਸੂਰਮੇ ਆ ਡਾਹੇ ਮੱਥੇ,
(ੲ) ਕੱਟ ਤੁਫੰਗੀਂ ਕੈਬਰੀਂ ਦਲੁ ਗਾਹਿ ਨਿਕੱਥੇ,
(ਸ) ਦੇਖਨਿ ਜੰਗ ਫਰੇਸਤੇ ਅਸਮਾਨੋ ਲੱਥੇ.

(੫੧)ਦੇਵੀ ਅਤੇ ਦਾਨਵ ਸੰਘਰਗਾਹ(ਯੁੱਧ ਭੂਮਿ)ਵਿਚ ਬੋਲ (ਗਰਜ) ਉਠੇ
(ਅ) ਉਮਡਕੇ ਸੂਰਮਿਆਂ ਨੇ ਮੱਥੇ ਆ ਡਾਹੇ,
(ੲ) ਕੱਟ ਵੱਢ ਕਰਦੇ ਹੋਏ ਤੀਰਾਂ ਬੰਦੂਕਾਂ ਨਾਲ ਗੱਜਕੇ ਫੌਜ ਗਾਂਹਦੇ ਫਿਰਦੇ ਹਨ.
(ਸ) ਫਰਿਸ਼ਤੇ ਜੰਗ ਵੇਖਣ ਵਾਸਤੇ ਅਕਾਸ਼ ਤੋਂ ਉਤਰੇ।

(੫੨) ਦੁਹਾਂ ਕੰਧਾਰਾਂ ਮੁਹ ਜੁੜੇ ਦਲ ਘੁਰੇ ਨਗਾਰੇ,
(ਅ) ਓਰੜਿ ਆਏ ਸੂਰਮੇ ਸਰਦਾਰ ਰਣਿਆਰੇ,
(ੲ) ਲੈਕੇ ਤੇਗਾਂ ਬਰਛੀਆਂ ਹਥਿਆਰ ਉਭਾਰੇ,
(ਸ) ਟੋਪ ਪਟੇਲਾ ਪਾਖਰਾਂ ਗਲਿ ਸੰਜ ਸਵਾਰੇ,
(ਹ) ਲੈਕੇ ਬਰਛੀ ਦੁਰਗਸ਼ਾਹ ਬਹੁ ਦਾਨਵ ਮਾਰੇ,
(ਕ) ਚੜੇ ਰਥੀਂ ਗਜ ਘੋੜਿਈਂ ਮਾਰਿ ਭੁਇ ਤੇ ਡਾਰੇ,
(ਖ) ਜਾਣੁ ਹਲਵਾਈ ਸੀਖ ਨਾਲ ਵਿਨ੍ਹਿ ਵੜੇ ਉਤਾਰੇ.

(੫੨)ਦੋਹਾਂ ਫੌਜਾਂ ਦਾ ਮੂੰਹ ਭੇੜ ਹੋਇਆ, ਨਗਾਰੇ ਵੱਜਣ ਲੱਗੇ,
(ਅ) ਜੰਗਾਵਰ ਸਰਦਾਰ ਸੂਰਮੇ ਉਮਡਕੇ ਆਏ,
(ੲ) ਤਲਵਾਰਾਂ ਬਰਛੀਆਂ ਲੈਕੇ ਮਾਰਨ ਲਈ ਅਪਣੇ ਹਥਿਆਰ ਉਭਾਰੇ,
(ਸ) ਸਿਰ ਤੇ ਲੋਹੇ ਦੇ ਟੋਪ, ਮੂੰਹ ਤੇ ਲੋਹੇ ਦੀ ਜਾਲੀ, ਘੋੜਿਆਂ ਤੇ ਲੋਹੇ ਦੇ ਜੁੱਲ, ਅਤੇ ਆਪਣੇ ਜਿਸਮ ਤੇ ਸੰਜੋਏ ਸਜਾਏ,
(ਹ) ਮਹਾਰਾਣੀ ਦੁਰਗਾ ਨੇ ਬਰਛੀ ਫੜਕੇ ਬਹੁਤ ਦੈਂਤ ਮਾਰੇ,
(ਕ) ਰਥਾਂ, ਹਾਥੀਆਂ ਅਤੇ ਘੋੜਿਆਂ ਤੇ ਚੜ੍ਹਿਆਂ ਨੂੰ ਮਾਰ ਕੇ ਜ਼ਮੀਨ ਤੇ ਲਿਟਾ ਦਿੱਤਾ,
(ਖ) ਦੁਰਗਾ ਨੇ ਬਰਛੀ ਨਾਲ ਨਹੀਂ ਵਿੰਨੇ, ਜਾਣੀਓ ਹਲਵਾਈ ਨੇ ਸੀਖ ਨਾਲ ਵਿੰਨ੍ਹ ਕੇ ਕੜਾਹੀ ਤੋਂ ਵੜੇ ਲਾਹੇ ਹਨ,

(੫੩) ਦੁਹਾਂ ਕੰਧਾਰਾਂ ਮੁਹਿ ਜੁੜੇ ਨਾਲ ਧਉਸਾਂ ਭਾਰੀ,
(ਅ) ਲਈ ਭਗਉਤੀ ਦੁਰਗਸਾਹ ਵਰਜਾਗਨਿ ਭਾਰੀ,
(ਏ) ਲਾਈ ਰਾਜੇ ਸੁੰਭ ਨੋ ਰਤ ਪੀਐ ਪਿਆਰੀ,
(ਸ) ਸੁੰਭ ਪਲਾਣੋ ਡਿਗਿਆ, ਉਪਮਾਂ ਬੀਚਾਰੀ,
(ਹ) ਡੁੱਬ ਰਤੂ ਨਾਲਹੁ ਨਿੱਕਲੀ ਬਰਛੀ ਦੋਧਾਰੀ,
(ਕ) ਜਾਣੁ ਰਜਾਦੀ ਉਤਰੀ ਪੈਨ੍ਹਿ ਸੂਹੀ ਸਾਰੀ.

(੫੩) ਦੋਹਾਂ ਫੌਜਾਂ ਦਾ ਟਾਕਰਾ ਹੋਇਆ, ਜਿਨ੍ਹਾਂ ਨਾਲ ਵਡੀਆਂ ਨੌਬਤਾਂ ਹਨ,
(ਅ) ਮਹਾਰਾਣੀ ਦੁਰਗਾ ਨੇ ਹੱਥ ਤਲਵਾਰ ਲਈ, ਜੋ ਵਡੀ ਦਗਦੀ, ਅੱਗੇ ਜੇਹੀ ਚਮਕੀਲੀ ਹੈ,*
(ੲ) ਲਹੂ ਪੀਣ** ਦੀ ਤਿਹਾਈ ਤਲਵਾਰ ਰਾਜੇ ਸੁੰਭ ਦੇ ਲਾਈ,
(ਸ) ਰਾਜਾ ਸੁੰਭ ਕਾਠੀ ਤੋਂ ਡਿੱਗਾ,
(ਹ) ਅਤੇ ਦੋਧਾਰੀ ਬਰਛੀ ਲਹੂ ਨਾਲ ਲਿਬੜੀ ਹੋਈ ਉਸਦੇ ਜਿਸਮ ਵਿਚੋਂ ਬਾਹਰ ਨਿਕਲੀ,
(ਕ) ਇਸ ਦੀ ਉਪਮਾਂ ਇਹ ਵਿਚਾਰ ਵਿਚ ਆਈ-ਜਾਣੋ ਰਾਜ ਕੁਮਾਰੀ ਸੁਰਖ ਸਾੜ੍ਹੀ ਪਹਿਨਕੇ ਰਾਜਭਵਨ ਤੋਂ ਉਤਰੀ ਹੈ.

* ਵਰਜਾਗਨ ਦਾ ਮੂਲ ਸੰਸਕ੍ਰਿਤ "ਵਰਚਾਗਨਿ" ਹੈ, ਜਿਸ ਦਾ ਅਰਥ ਹੈ ਚਮਕੀਲੀ ਅੱਗ.

** ਪਿਆਰੀ ਪੀਣ ਵਾਲੀ ਭਾਵ ਪਿਆਸੀ

(੫੪) ਦੁਰਗਾ ਅਤੇ ਦਾਨਵੀ ਭੇੜ ਪਇਆ ਸਬਾਹੀਂ

(ਅ) ਸਸਤ੍ਰ ਪਜੂਤੇ ਦੁਰਗਸ਼ਾਹ ਗਹ ਸਭਨੀ ਬਾਹੀਂ,

(ੲ) ਸੁੰਭ ਨਿਸੁੰਭ ਸੰਘਾਰਿਆ ਵਥ ਜੇਹੇ ਸਾਹੀਂ,

(ਸ) ਫਉਜਾਂ ਰਾਖਸਿਆਰੀਆਂ ਦੁਖਿ ਰੋਵਨਿ ਧਾਹੀਂ,

(ਹ) ਮੁਹਿ ਕੜੂਚੇ ਘਾਹ ਦੇ ਛਡਿ ਘੋੜੇ ਰਾਹੀਂ,

(ਕ) ਭਜਦੇ ਹੋਏ ਮਾਰੀਅਨ ਮੁੜਿ ਝਾਕਨ ਨਾਹੀਂ.

(੫੪) ਦੁਰਗਾ ਅਤੇ ਸਰਵ ਦਾਨਵਾਂ ਦਾ ਭੇੜ ਮਚਿਆ,

(ਅ) ਮਹਾਰਾਣੀ ਦੁਰਗਾ ਨੇ ਸਾਰੀਆਂ ਬਾਹਾਂ ਵਿਚ ਸਸਤ੍ਰ ਫੜਕੇ ਉਨ੍ਹਾਂ ਦਾ ਪ੍ਰਯੋਗ (ਇਸਤਮਾਲ)ਕੀਤਾ,

(ੲ) ਸ਼ੁੰਭ ਅਤੇ ਨਿਸ਼ੁੰਭ ਦਾ ਵਿਨਾਸ਼ ਕੀਤਾ, ਜੋ ਰਾਖਸ਼ਾਂ ਦੀ ਪੂੰਜੀ ਰੂਪ ਸਨ,

(ਸ) ਰਾਖਸ਼ਾਂ ਦੀਆਂ ਫੌਜਾਂ ਧਾਹਾਂ ਮਾਰਕੇ ਰੋਂਦੀਆਂ ਹਨ,

(ਹ) ਆਪਣੇ ਮੂੰਹੀ ਘਾਹ ਦੇ ਕੂਚੇ ਦੇਕੇ* ਅਤੇ ਘੋੜੇ ਛੱਡਕੇ,-

(ਕ) ਰਾਹਾਂ ਵਿਚ ਭਜਦੇ ਹੋਏ ਰਾਖਸ਼, ਤਾਕੁਬ ਕਰਕੇ ਮਾਰੇ ਜਾਂਦੇ ਹਨ, ਪਰ ਮੁੜ ਕੇ ਪਿਛੇ ਨਹੀਂ ਝਾਕਦੇ.

---

* ਮੂੰਹ ਵਿਚ ਘਾਹ ਲੈਣ ਤੋਂ ਭਾਵ ਹੁੰਦਾ ਹੈ ਕਿ ਮੈਂ ਆਪਦੇ ਅਧੀਨ ਪਸ਼ੂ ਸਮਾਨ ਹਾਂ.

(੫੫) ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ,
(ਅ) ਇੰਦ੍ਰ ਸੱਦ ਬੁਲਾਇਆ ਰਾਜ-ਅਭਿਖੇਖ ਨੋ,
(ੲ) ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੈ,
(ਸ) ਚਉਦਹ ਲੋਕਾਂ ਛਾਇਆ ਜਸੁ ਜਗਮਾਤ ਦਾ
(ਹ) ਦੁਰਗਾਪਾਠ ਬਣਾਇਆ ਸੱਭੇ ਪਉੜੀਆਂ,
(ਕ) ਫੇਰਿ ਨ ਜੂਨੀ ਗਾਇਆ ਜਿਨਿ ਇਹੁ ਗਾਇਆ.

(੫੫) ਦੁਰਗਾ ਨੇ ਸ਼ੁੰਭ ਅਤੇ ਨਿਸ਼ੁੰਭ ਨੂੰ ਯਮਲੋਕ ਭੇਜ ਦਿੱਤਾ,
(ਅ) ਇੰਦ੍ਰ ਨੂੰ ਰਾਜ ਤਿਲਕ* ਲਈ ਤਲਬ ਕੀਤਾ,
(ੲ) ਰਾਜੇ ਇੰਦ੍ਰ ਦੇ ਸਿਰ ਤੇ ਰਾਜ ਦਾ ਛਤ੍ਰ ਝੁਲਾਇਆ,
(ਸ) ਚੌਦਾਂ ਲੋਕਾਂ ਵਿਚ ਜਗਤ ਮਾਤਾ ਦਾ ਜਸ ਫੈਲ ਗਿਆ,
(ਹ) "ਦੁਰਗਾ ਸਪਤਸ਼ਤੀ" ਦਾ ਸਾਰਾ ਪਾਠ ਪਉੜੀ ਛੰਦਾਂ ਵਿਚ ਬਣਾਇਆ ਹੈ,
(ਕ) ਜਿਸ ਨੇ ਇਹ ਪਾਠ ਗਇਆ ਹੈ, ਉਹ ਫੇਰ ਜਨਮ ਨਹੀਂ ਧਰਦਾ.**

---

* ਅਭਿਸ਼ੇਕ ਦਾ ਅਰਥ ਹੈ ਛਿੜਕਣਾ, ਰਾਜ ਤਿਲਕ ਵੇਲੇ ਤੀਰਥਾਂ ਦਾ ਜਲ, ਮੰਤ੍ਰ ਪੜ੍ਹਕੇ ਛਿੜਕਿਆ ਜਾਂਦਾ ਹੈ,

** ਗਯਾਨੀ ਅਤੇ ਯੋਧਾ ਮੁਕਤਿ ਦੇ ਅਧਿਕਾਰੀ ਕਿਸੇ ਹਨ, ਇਸੇ ਪਾਠ ਦੇ ਪੜ੍ਹਨ ਵਾਲਾ ਬੁਜ਼ਦਿਲੀ ਛਡਕੇ ਸੂਰਵੀਰਤਾ ਧਾਰਣ ਕਰਦਾ ਹੈ, ਜਿਸ ਤੋਂ ਜਨਮ ਮਰਣ ਰਹਿਤ ਹੋ ਜਾਂਦਾ ਹੈ.